ਪ੍ਰੋਜੈਕਟ 2

# ਸਕੂਲ ਰਿਹਾਇਸ਼ੀ ਬਾਗ਼

0785CH02

ਇਹ ਪ੍ਰੋਜੈਕਟ ਤੁਹਾਨੂੰ ਵੱਖ-ਵੱਖ ਜੀਵ ਸਮੂਹਾਂ ਲਈ ਉਚਿਤ ਨਿਵਾਸ ਅਤੇ ਵਿਕਾਸ ਲਈ ਲੋੜੀਂਦੀਆਂ ਸਥਿਤੀਆਂ ਪ੍ਰਦਾਨ ਕਰਨ ਦੀ ਪ੍ਰਕਿਰਿਆ ਨੂੰ ਸਮਝਣ ਵਿੱਚ ਮਦਦ ਕਰੇਗਾ। ਤੁਸੀਂ ਆਪਣੇ ਸਕੂਲ ਵਿੱਚ ਜਾਨਵਰਾਂ ਦੇ ਵੱਖ-ਵੱਖ ਸਮੂਹਾਂ (ਪੰਛੀਆਂ, ਥਣਧਾਰੀ ਜਾਨਵਰਾਂ, ਕੀੜੇ-ਮਕੌੜਿਆਂ, ਸਰਪੀ ਜੀਵਾਂ ਆਦਿ) ਦੇ ਰਿਹਾਇਸ਼ ਲਈ ਬਾਗ਼ ਤਿਆਰ ਕਰੋਗੇ, ਜੋ ਉਹਨਾਂ ਨੂੰ ਨਿਵਾਸ, ਪਾਣੀ, ਭੋਜਨ ਅਤੇ ਉਚਿਤ ਵਾਤਾਵਰਣ ਪ੍ਰਦਾਨ ਕਰਕੇ ਉਨ੍ਹਾਂ ਨੂੰ ਆਕਰਸ਼ਿਤ ਕਰੇਗਾ।

**ਪ੍ਰੋਜੈਕਟ ਦੇ ਅੰਤ ਵਿੱਚ ਤੁਸੀਂ ਹੇਠ ਲਿਖੇ ਕੰਮ ਕਰਨ ਦੇ ਯੋਗ ਹੋਵੋਗੇ:**

- ਜੀਵਾਂ ਦੀਆਂ ਜ਼ਰੂਰਤਾਂ ਦੀ ਪਛਾਣ ਕਰੋ
- ਰਿਹਾਇਸ਼ੀ ਬਾਗ਼ ਨੂੰ ਡਿਜ਼ਾਈਨ ਅਤੇ ਵਿਕਸਤ ਕਰੋ
- ਜੀਵਾਂ ਦੀਆਂ ਲੋੜਾਂ ਦੀ ਪੂਰਤੀ ਕਰਨਾ
- ਰਿਹਾਇਸ਼ੀ ਬਾਗ਼ ਦੀ ਸਾਂਭ-ਸੰਭਾਲ ਕਰਨਾ
- ਰਿਹਾਇਸ਼ੀ ਬਾਗ਼ ਵਿੱਚ ਜਾਨਵਰਾਂ ਦਾ ਨਿਰੀਖਣ ਕਰੋ



**ਚਿੱਤਰ 2:1** *ਸਕੂਲ ਦੇ ਜੀਵਾਂ ਲਈ ਇੱਕ ਨਿਵਾਸ ਸਥਾਨ ਬਣਾਉਣਾ*

© NCERT not to be republished

ਅਨੇਕਾਂ ਜੀਵ ਮਨੁੱਖਾਂ ਨਾਲ਼ ਸ਼ਾਂਤੀ ਨਾਲ਼ ਰਹਿੰਦੇ ਹਨ (ਚਿੱਤਰ 2.1, 2.2 ਅਤੇ 2.3 ਵੇਖੋ)। ਪਾਲਤੂ ਜੀਵਾਂ ਤੋਂ ਇਲਾਵਾ, ਕਈ ਹੋਰ ਜੀਵ ਸਾਡੇ ਆਲ਼ੇ-ਦੁਆਲ਼ੇ ਰਹਿੰਦੇ ਹਨ, ਜਿਨ੍ਹਾਂ ਵਿੱਚ ਕਾਂ, ਚਿੜੀਆਂ, ਕਬੂਤਰ, ਉੱਲੂ, ਚੀਲ, ਚਮਗਿੱਦੜ, ਬਾਂਦਰ, ਲੰਗੂਰ, ਗਿੱਲਹਿਰੀ, ਚੂਹੇ, ਤਿਤਲੀਆਂ ਅਤੇ ਪੰਤਗੇ ਆਦਿ ਸ਼ਾਮਲ ਹਨ। ਉਹ ਮਨੁੱਖਾਂ ਦੇ ਨਾਲ਼-ਨਾਲ਼ ਆਪਣਾ ਜੀਵਨ ਬਿਤਾਉਂਦੇ ਹਨ ਅਤੇ ਮਨੁੱਖ-ਵਾਂਗ ਵਾਤਾਵਰਣ ਦੇ ਅਨੁਕੂਲ ਆਪਣੇ ਆਪ ਨੂੰ ਢਾਲ ਲੈਂਦੇ ਹਨ।

ਕੀ ਤੁਸੀਂ ਕਦੇ ਸੋਚਿਆ ਹੈ ਕਿ ਖੇਤਾਂ ਅਤੇ ਜੰਗਲਾਂ ਦੇ ਕਸਬਿਆਂ ਅਤੇ ਸ਼ਹਿਰਾਂ ਵਿੱਚ ਬਦਲਣ ਤੋਂ ਪਹਿਲਾਂ ਇਹ ਜੀਵ ਕਿੱਥੇ ਰਹਿੰਦੇ ਸਨ? ਉਨ੍ਹਾਂ ਵਿੱਚੋਂ ਕਿੰਨੇ ਜੀਵ ਮਨੁੱਖੀ ਵਿਸਤਾਰ ਨਾਲ਼ ਪੈਦਾ ਹੋਏ ਬਦਲਾਵਾਂ ਦੇ ਕਾਰਨ ਆਪਣੇ ਆਪ ਨੂੰ ਨਵੇਂ ਵਾਤਾਵਰਣ ਵਿੱਚ ਢਾਲਣ ਵਿੱਚ ਸਫ਼ਲ ਰਹੇ ਹਨ? ਜਿਵੇਂ-ਜਿਵੇਂ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਦੀ ਗਿਣਤੀ ਵੱਧ ਰਹੀ ਹੈ, ਕੁਦਰਤੀ ਨਿਵਾਸ ਘੱਟਦੇ ਜਾ ਰਹੇ ਹਨ। ਇਸ ਦੇ ਨਤੀਜੇ ਵਜੋਂ ਕਈ ਜੀਵ ਅਣਜਾਣੇ ਖੇਤਰਾਂ ਵੱਲ ਜਾਣ ਲਈ ਮਜਬੂਰ ਹੋ ਰਹੇ ਹਨ। ਇਸ ਨਿਵਾਸ ਸਥਾਨ ਦੇ ਨੁਕਸਾਨ ਕਾਰਨ ਸ਼ਹਿਰੀ ਖੇਤਰਾਂ ਅਤੇ ਖੇਤਾਂ ਵਿੱਚ ਚੀਤੇ, ਬਘਿਆੜ ਅਤੇ ਇੱਥੋਂ ਤੱਕ ਕਿ ਬਾਘਾਂ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ। ਕਲਪਨਾ ਕਰੋ ਕਿ ਤੁਸੀਂ ਅਚਾਨਕ ਆਪਣੇ ਘਰ ਤੋਂ ਬੇਘਰ ਹੋ ਗਏ ਜਾਵੇ, ਉਸ ਤੋਂ ਮਿਲ਼ਣ ਵਾਲੀ ਸੁਰੱਖਿਆ ਅਤੇ ਨਿਵਾਸ ਦੀਆਂ ਸੁਵਿਧਾਵਾਂ ਤੁਹਾਡੇ ਕੋਲ਼ੋਂ ਖੋਹ ਲਈਆ ਜਾਣ, ਤਾਂ ਕੀ ਹੋਵੇਗਾ? ਜੀਵ ਇਸੇ ਤਰ੍ਹਾਂ ਦੀ ਚੁਣੌਤੀ ਦਾ ਸਾਹਮਣਾ ਕਰ ਰਹੇ ਹਨ।



**ਚਿੱਤਰ 2.2:** *ਇੱਕ ਸ਼ਹਿਰ ਵਿੱਚ ਵਿਹੜੇ ਦੀ ਛੱਤ ਤੋਂ ਲਟਕ ਰਿਹਾ ਪੰਛੀ ਦਾ ਆਲ੍ਹਣਾ*



**ਚਿੱਤਰ 2.3:** *ਚਿੱਟੇ ਗਲ਼ੇ ਵਾਲਾ ਕਿੰਗਫਿਸ਼ਰ ਸ਼ਹਿਰਾਂ ਵਿੱਚ ਜਲ ਸੋਮਿਆਂ ਜਾਂ ਪਾਰਕਾਂ ਦੇ ਨੇੜੇ ਤਾਰਾਂ ਉੱਤੇ ਦੇਖਿਆ ਜਾ ਸਕਦਾ ਹੈ*

ਉਹ ਜਾਨਵਰ ਜੋ ਆਪਣੇ ਨਿਵਾਸ ਸਥਾਨ ਵਿੱਚ ਤਬਦੀਲੀਆਂ ਦੇ ਅਨੁਕੂਲ ਆਪਣੇ ਆਪ ਨੂੰ ਢਾਲ ਲੈਂਦੇ ਹਨ, ਉਹ ਸਾਡੇ ਨਾਲ਼ ਸਹਿ-ਹੋਂਦ ਵਿੱਚ ਰਹਿੰਦੇ ਹਨ, ਜਦਕਿ ਜੋ ਜੀਵ ਆਪਣੇ ਆਪ ਨੂੰ ਨਹੀਂ ਢਾਲ ਸਕਦੇ, ਉਹ ਕਿਸੇ ਹੋਰ ਅਣਜਾਣੇ ਖੇਤਰ ਵੱਲ ਚਲੇ ਜਾਂਦੇ ਹਨ। ਪੰਛੀਆਂ ਨੂੰ ਲਓ, ਉਦਾਹਰਣ ਵਜੋਂ ਕਬੂਤਰ। ਉਦਾਹਰਨ ਵਜੋਂ, ਕਬੂਤਰਾਂ ਦਾ ਕੁਦਰਤੀ ਨਿਵਾਸ ਸਥਾਨ ਵਿੱਚ ਚੱਟਾਨਾਂ ਅਤੇ ਚਟਾਨੀ ਪਹਾੜੀਆਂ ਸ਼ਾਮਲ ਹਨ, ਉਹ ਅਕਸਰ ਉੱਚੀਆਂ ਇਮਾਰਤਾਂ ਦੀਆਂ ਛੱਤਾਂ 'ਤੇ ਬੈਠੇ ਵੇਖੇ ਜਾਂਦੇ ਹਨ। ਇਸ ਦੇ ਉਲਟ, ਘਰੇਲੂ ਚਿੜੀਆਂ ਸੰਘਣੇ ਰੁੱਖਾਂ ਅਤੇ ਝਾੜੀਆਂ ਵਿੱਚ ਰਹਿਣਾ ਪਸੰਦ ਕਰਦੀਆਂ ਹਨ। ਜਿਵੇਂ-ਜਿਵੇਂ ਸ਼ਹਿਰਾਂ ਦਾ ਵਿਸਥਾਰ ਹੁੰਦਾ ਹੈ ਅਤੇ ਹਰੀਆਂ ਥਾਵਾਂ ਘੱਟ ਹੁੰਦੀਆਂ ਹਨ, ਚਿੜੀਆਂ ਦੀ ਆਬਾਦੀ ਹੌਲ਼ੀ-ਹੌਲ਼ੀ ਘੱਟਦੀ ਜਾਂਦੀ ਹੈ ਜਦੋਂ ਤੱਕ ਉਹ ਸ਼ਹਿਰੀ ਇਲਾਕਿਆਂ ਤੋਂ ਅਲੋਪ ਨਹੀਂ ਹੋ ਜਾਂਦੇ।

© NCERT not to be republished

ਸਾਰੇ ਜੀਵਾਂ ਨੂੰ ਜੀਵਿਤ ਰਹਿਣ ਲਈ ਭੋਜਨ ਅਤੇ ਪਾਣੀ ਦੀ ਲੋੜ ਹੁੰਦੀ ਹੈ। ਇਸ ਤੋਂ ਇਲਾਵਾ, ਉਨ੍ਹਾਂ ਨੂੰ ਸੁਤੰਤਰ ਤੌਰ ‘ਤੇ ਘੁੰਮਣ ਲਈ ਕਾਫ਼ੀ ਜਗ੍ਹਾ ਅਤੇ ਇੱਕ ਸੁਰੱਖਿਅਤ ਸਥਾਨ ਦੀ ਜ਼ਰੂਰਤ ਹੁੰਦੀ ਹੈ ਜਿੱਥੇ ਉਹ ਆਰਾਮ ਕਰ ਸਕਦੇ ਹਨ ਅਤੇ ਆਪਣੇ ਬੱਚਿਆਂ ਨੂੰ ਸ਼ਿਕਾਰੀਆਂ ਦੇ ਡਰ ਜਾਂ ਖਰਾਬ ਮੌਸਮ ਤੋਂ ਹੋਣ ਵਾਲੀਆਂ ਮੁਸ਼ਕਲਾਂ ਤੋਂ ਬਚਾ ਕੇ ਪਾਲ਼ ਸਕਣ। ਇਹ ਚਾਰ ਜ਼ਰੂਰੀ ਸਥਾਨ, ਪਨਾਹ, ਭੋਜਨ ਅਤੇ ਪਾਣੀ ਹਰ ਜਾਨਵਰ ਦੇ ਨਿਵਾਸ ਸਥਾਨ ਦੀ ਨੀਂਹ ਬਣਾਉਂਦੇ ਹਨ।

ਹਾਲਾਂਕਿ, ਵੱਖ-ਵੱਖ ਜੀਵਾਂ ਦੀਆਂ ਵਿਸ਼ੇਸ਼ ਜ਼ਰੂਰਤਾਂ ਵੱਖ-ਵੱਖ ਹੁੰਦੀਆਂ ਹਨ। ਉਦਾਹਰਨ ਵਜੋਂ, ਵੱਡੀਆਂ ਚੀਟੀਆਂ ਕੁਝ ਵਰਗ ਸੈਂਟੀਮੀਟਰ ਖੇਤਰ ਵਿੱਚ ਆਪਣਾ ਬਸੇਰਾ ਬਣਾਉਂਦੀਆਂ ਹਨ, ਜਦਕਿ ਮਕੜੀਆਂ ਆਪਣੇ ਆਕਾਰ ਨਾਲ਼ੋਂ ਕਾਫ਼ੀ ਵੱਡੇ ਜਾਲ਼ ਬੁਣਦੀਆਂ ਹਨ। ਇਸੇ ਤਰ੍ਹਾਂ, ਪਾਣੀ ਦੇ ਸਰੋਤ ਵੱਖੋ-ਵੱਖਰੇ ਹੁੰਦੇ ਹਨ ਜਦੋਂ ਕਿ ਤਿਤਲੀਆਂ ਅਤੇ ਕੀੜੀਆਂ ਘਾਹ ਤੋਂ ਤ੍ਰੇਲ ਦੀਆਂ ਬੂੰਦਾਂ ਪੀਂਦੇ ਹਨ, ਪੰਛੀ ਅਕਸਰ ਟੋਇਆਂ ਜਾਂ ਲੀਕ ਹੋ ਰਹੀਆਂ ਟੂਟੀਆਂ ਤੋਂ ਪੀਂਦੇ ਹਨ। ਹਰ ਜੀਵ ਦੇ ਰਹਿਣ ਵਾਲੇ ਸਥਾਨ ਵੀ ਵੱਖੋ-ਵੱਖਰੇ ਹੁੰਦੇ ਹਨ; ਜਿਵੇਂ ਕਿ ਗਿੱਲਹਿਰੀਆਂ ਦਰੱਖ਼ਤਾਂ ’ਤੇ ਸੁਰੱਖਿਅਤ ਰਹਿੰਦੀਆਂ ਹਨ, ਜਦੋਂ ਕਿ ਕਿਰਲੀਆਂ ਕੰਧਾਂ ‘ਤੇ ਵੀ ਆਰਾਮ ਨਾਲ਼ ਰਹਿ ਸਕਦੀਆਂ ਹਨ, ਕਿਉਂਕਿ ਕੁਝ ਜੀਵ ਉਨ੍ਹਾਂ ਤੱਕ ਪਹੁੰਚਣ ਲਈ ਕੰਧਾਂ’ ਤੇ ਚੜ੍ਹ ਸਕਦੇ ਹਨ।

ਮਨੁੱਖੀ ਬਸਤੀਆਂ ਦੇ ਨੇੜੇ ਵੱਖ-ਵੱਖ ਕਿਸਮਾਂ ਦਾ ਭੋਜਨ ਆਸਾਨੀ ਨਾਲ਼ ਮਿਲ਼ ਜਾਂਦਾ ਹੈ, ਜਿਸ ਵਿੱਚ ਮਨੁੱਖਾਂ ਦੁਆਰਾ ਛੱਡਿਆ ਗਿਆ ਬਚਿਆ-ਖੁਚਿਆ ਭੋਜਨ, ਫੁੱਲਾਂ ਦਾ ਰਸ, ਪੱਤੇ, ਕੀੜੇ-ਮਕੌੜੇ ਅਤੇ ਛੋਟੇ ਜੀਵ ਸ਼ਾਮਲ ਹਨ (ਚਿੱਤਰ 2.4 ਵੇਖੋ)। ਇਸ ਤੋਂ ਇਲਾਵਾ, ਪੰਛੀ ਅਜਿਹੇ ਖੇਤਰਾਂ ਵਿੱਚ ਆਲ੍ਹਣਾ ਬਣਾਉਣ ਲਈ ਵੱਖ-ਵੱਖ ਸਮੱਗਰੀ ਲੱਭਦੇ ਹਨ। ਉਹ ਮਜ਼ਬੂਤ ਆਲ੍ਹਣੇ ਬਣਾਉਣ ਲਈ ਟਹਿਣੀਆਂ, ਸੁੱਕੀਆਂ ਬੂਟੀਆਂ, ਘਾਹ ਆਦਿ ਇਕੱਠੇ ਕਰਦੇ ਹਨ (ਚਿੱਤਰ 2.5 ਵੇਖੋ)। ਆਲ੍ਹਣੇ ਦੀ ਪਰਤ ਲਈ, ਚਿੜੀਆਂ ਅਕਸਰ ਖੰਭਾਂ ਜਾਂ ਕਾਗਜ਼ ਦੀ ਵਰਤੋਂ ਕਰਦੀਆਂ ਹਨ, ਜਦੋਂ ਕਿ ਕਾਂ ਆਪਣੇ ਆਲ੍ਹਣੇ ਨੂੰ ਮਜ਼ਬੂਤ ਕਰਨ ਲਈ ਧਾਤ ਦੀਆਂ ਤਾਰਾਂ ਅਤੇ ਰੱਸੀਆਂ ਦੀ ਵਰਤੋਂ ਕਰਦੇ ਹਨ।



**ਚਿੱਤਰ 2.4:** *ਕੀੜਾ ਇੱਕ ਫੁੱਲ ਤੋਂ ਰਸ ਚੂਸਦਾ ਹੋਇਆ, ਜੋ ਕਿ ਪਰਾਗਣ ਵਿੱਚ ਵੀ ਮਦਦ ਕਰਦਾ ਹੈ*



**ਚਿੱਤਰ 2.5:** *ਆਪਣੇ ਆਲ੍ਹਣੇ ਬਣਾਉਣ ਲਈ ਇੱਕ ਪੰਛੀ ਸਮੱਗਰੀ ਇਕੱਠਾ ਕਰਦਾ ਹੋਇਆ*

ਇੱਕ ਵਾਰ ਬੁਨਿਆਦੀ ਜ਼ਰੂਰਤਾਂ ਪੂਰੀਆਂ ਹੋ ਜਾਣ ਤੋਂ ਬਾਅਦ, ਨਿਵਾਸ ਸਥਾਨਾਂ ਨੂੰ ਵੀ ਆਰਾਮ ਅਤੇ ਅਨੰਦ ਪ੍ਰਦਾਨ ਕਰਨਾ ਚਾਹੀਦਾ ਹੈ। ਉਦਾਹਰਣ ਵਜੋਂ, ਬੁਲਬੁਲ, ਕਬੂਤਰ ਅਤੇ ਮੁਨੀਆ ਵਰਗੇ ਕੁਝ ਪੰਛੀ ਆਪਣੇ ਖੰਭਾਂ ਨੂੰ ਠੰਢਾ ਕਰਨ ਅਤੇ ਸਾਫ਼ ਕਰਨ ਲਈ ਪਾਣੀ ਵਿੱਚ ਨਹਾਉਣਾ ਪਸੰਦ ਕਰਦੇ ਹਨ।

© NCERT not to be republished

ਸਾਡੇ ਦੇਸ਼ ਵਿੱਚ ਜੰਗਲੀ ਜੀਵਾਂ ਲਈ ਢੁੱਕਵੇਂ ਨਿਵਾਸ ਸਥਾਨ ਬਣਾਉਣ ਅਤੇ ਉਨ੍ਹਾਂ ਨੂੰ ਕਾਇਮ ਰੱਖਣ, ਉਨ੍ਹਾਂ ਦੀ ਸੁਰੱਖਿਆ ਅਤੇ ਸਾਂਭ-ਸੰਭਾਲ ਨੂੰ ਯਕੀਨੀ ਬਣਾਉਣ ਲਈ ਕਈ ਪਹਿਲਕਦਮੀਆਂ ਚੁੱਕੀਆਂ ਗਈਆਂ ਹਨ। ਇਨ੍ਹਾਂ ਯਤਨਾਂ ਵਿੱਚ ਵੱਖ-ਵੱਖ ਜੰਗਲੀ ਜੀਵ ਰੱਖ ਅਤੇ ਰਾਸ਼ਟਰੀ ਪਾਰਕਾਂ ਦੀ ਸਥਾਪਨਾ ਕੀਤੀ ਗਈ ਹੈ, ਜਿਵੇਂ ਕਿ (1) ਅਸਾਮ ਵਿੱਚ ਕਾਜ਼ੀਰੰਗਾ ਰਾਸ਼ਟਰੀ ਪਾਰਕ, ਜੋ ਕਿ ਇੱਕ ਸਿੰਗ ਵਾਲੇ ਗੈਂਡੇ ਦੀ ਆਬਾਦੀ ਲਈ ਪ੍ਰਸਿੱਧ ਹੈ (2) ਰਾਜਸਥਾਨ ਵਿੱਚ ਭਰਤਪੁਰ ਬਰਡ ਸੈਂਚੁਰੀ, ਜਿਸ ਵਿੱਚ ਪ੍ਰਵਾਸੀ ਪੰਛੀ ਵੀ ਪਾਏ ਜਾਂਦੇ ਹਨ (3) ਕੇਰਲ ਵਿੱਚ ਪੇਰਿਆਰ ਟਾਈਗਰ ਰਿਜ਼ਰਵ, ਜੋ ਕਿ ਬਾਘਾਂ ਦੀ ਸਾਂਭ-ਸੰਭਾਲ ਲਈ ਹੈ, (4) ਸਿੱਕਮ ਵਿੱਚ ਫੈਮਬੋਂਗ ਲੋ ਵਾਈਲਡ ਲਾਈਫ਼ ਸੈਂਚੁਰੀ ਜਿਸ ਦੇ ਅੰਦਰ ਤਿਤਲੀ ਹਨ, ਜੋ ਕਿ ਵਿਭਿੰਨ ਤਿਤਲੀਆਂ ਦੀਆਂ ਕਿਸਮਾਂ ਲਈ ਇੱਕ ਸੁਰੱਖਿਅਤ ਨਿਵਾਸ ਸਥਾਨ ਪ੍ਰਦਾਨ ਕਰਦਾ ਹੈ ਅਤੇ (5) ਮੱਧ ਪ੍ਰਦੇਸ਼ ਵਿੱਚ ਕਾਨ੍ਹਾ ਰਾਸ਼ਟਰੀ ਪਾਰਕ, ਜੋ ਬਾਰਾਂ-ਸਿੰਗਾ (ਦਲਦਲੀ ਹਿਰਨ) ਅਤੇ ਹੋਰ ਜੰਗਲੀ ਜੀਵਾਂ ਲਈ ਇੱਕ ਮਹੱਤਵਪੂਰਨ ਸਥਾਨ ਵਜੋਂ ਕੰਮ ਕਰਦਾ ਹੈ। ਇਹ ਦੇਸ਼ ਭਰ ਦੇ ਬਹੁਤ ਸਾਰੇ ਸੁਰੱਖਿਅਤ ਖੇਤਰਾਂ ਵਿੱਚੋਂ ਕੁੱਝ ਉਦਾਹਰਣਾਂ ਹਨ।

'ਸੈਂਚੁਰੀ' ਸ਼ਬਦ ਦਾ ਸ਼ਾਬਦਿਕ ਅਰਥ ਹੈ 'ਇੱਕ ਸੁਰੱਖਿਅਤ ਜਗ੍ਹਾ ਜਿੱਥੇ ਕਿਸੇ ਦੀਆਂ ਜ਼ਰੂਰਤਾਂ ਪੂਰੀਆਂ ਹੁੰਦੀਆਂ ਹਨ।' ਜੰਗਲੀ ਜੀਵ ਸੁਰੱਖਿਆ ਦੇ ਸੰਦਰਭ ਵਿੱਚ, ਸੈਂਚੁਰੀ ਆਮ ਤੌਰ 'ਤੇ ਵਿਸ਼ਾਲ, ਚੰਗੀ ਤਰ੍ਹਾਂ ਸਾਂਭ-ਸੰਭਾਲ ਵਾਲੇ ਖੇਤਰ ਹੁੰਦੇ ਹਨ ਜੋ ਮਾਹਰਾਂ ਦੁਆਰਾ ਪ੍ਰਬੰਧਿਤ ਕੀਤੇ ਜਾਂਦੇ ਹਨ ਜੋ ਵੱਖ-ਵੱਖ ਪ੍ਰਜਾਤੀਆਂ ਦੇ ਜੀਵਾਂ ਨੂੰ ਸੁਰੱਖਿਆ ਅਤੇ ਤੰਦਰੁਸਤੀ ਮੁਹੱਈਆ ਕਰਦੇ ਹਨ। ਹਾਲਾਂਕਿ, ਇੱਕ ਪਨਾਹਗਾਹ ਦੀ ਧਾਰਨਾ ਸਿਰਫ਼ ਵੱਡੇ ਪੱਧਰ ਦੇ ਬਚਾਅ ਦੇ ਯਤਨਾਂ ਤੱਕ ਸੀਮਤ ਨਹੀਂ ਹੈ। ਇੱਥੋਂ ਤੱਕ ਕਿ ਤੁਹਾਡੇ ਵਿਹੜੇ ਜਾਂ ਗੁਆਂਢ ਵਿੱਚ ਇੱਕ ਛੋਟਾ ਰਿਹਾਇਸ਼ੀ ਬਾਗ਼ ਵੀ ਇੱਕ ਛੋਟੇ ਸੈਂਚੁਰੀ ਵਜੋਂ ਕੰਮ ਕਰ ਸਕਦਾ ਹੈ, ਜੋ ਪੰਛੀਆਂ, ਤਿਤਲੀਆਂ, ਕੀੜੇ-ਮਕੌੜਿਆਂ ਅਤੇ ਹੋਰ ਛੋਟੇ ਜੀਵਾਂ ਲਈ ਨਿਵਾਸ, ਭੋਜਨ ਅਤੇ ਸੁਰੱਖਿਅਤ ਜਗ੍ਹਾ ਪ੍ਰਦਾਨ ਕਰਦਾ ਹੈ। ਅਜਿਹੀਆਂ ਥਾਵਾਂ ਦਾ ਨਿਰਮਾਣ ਅਤੇ ਪਾਲਣ ਪੋਸ਼ਣ ਕਰਕੇ, ਵਿਅਕਤੀ ਜੈਵ ਵਿਭਿੰਨਤਾ ਦੀ ਸੰਭਾਲ ਵਿੱਚ ਯੋਗਦਾਨ ਪਾ ਸਕਦੇ ਹਨ ਅਤੇ ਆਪਣੇ ਆਲ਼ੇ-ਦੁਆਲ਼ੇ ਦੇ ਸਥਾਨਕ ਜੰਗਲੀ ਜੀਵਾਂ ਦਾ ਸਮਰਥਨ ਕਰ ਸਕਦੇ ਹਨ।

## ਮੈਂ ਕੀ ਕਰ ਸਕਦਾ/ਸਕਦੀ ਹਾਂ?

ਪ੍ਰੋਜੈਕਟ ਦੇ ਅੰਤ ਵਿੱਚ, ਤੁਸੀਂ ਇਸ ਕਾਰਜ ਨੂੰ ਕਰਨ ਦੇ ਯੋਗ ਹੋਵੋਗਾ:

1. ਸਕੂਲ ਦੇ ਅੰਦਰ ਅਤੇ ਆਲ਼ੇ-ਦੁਆਲ਼ੇ ਜੀਵਾਂ ਦੇ ਸਮੂਹ ਦੇਖੋ ਜੋ ਰਿਹਾਇਸ਼ੀ ਬਾਗ਼ ਵੱਲ ਆਕਰਸ਼ਿਤ ਹੋ ਸਕਦੇ ਹਨ।
2. ਜੀਵ ਸਮੂਹਾਂ ਦੇ ਸਥਾਨ, ਆਸਰੇ, ਭੋਜਨ ਅਤੇ ਪਾਣੀ ਦੀ ਜ਼ਰੂਰਤ ਦਾ ਪਤਾ ਲਗਾ ਸਕਦੇ ਹਨ?
3. ਸਕੂਲ ਦੇ ਰਿਹਾਇਸ਼ੀ ਬਾਗ਼ ਦੇ ਅੰਦਰ ਜ਼ਰੂਰਤਾਂ ਨੂੰ ਕਿਵੇਂ ਪੂਰਾ ਕੀਤਾ ਜਾ ਸਕਦਾ ਹੈ? ਵਰਣਨ ਕਰੋ -

© NCERT not to be republished

4. ਉਪਰੋਕਤ ਜ਼ਰੂਰਤਾਂ ਦੇ ਅਧਾਰ ਉੱਤੇ ਆਪਣੇ ਸਕੂਲ ਵਿੱਚ ਇੱਕ ਰਿਹਾਇਸ਼ੀ ਬਾਗ਼ ਦੀ ਰੂਪ-ਰੇਖਾ ਤਿਆਰ ਕਰਨ ਅਤੇ ਉਸ ਨੂੰ ਸਥਾਪਤ ਕਰ ਸਕਦੇ ਹੋ।
5. ਰਿਹਾਇਸ਼ੀ ਬਾਗ਼ ਵੱਲ ਆਕਰਸ਼ਿਤ ਜਾਨਵਰਾਂ ਦੇ ਸਮੂਹਾਂ ਦਾ ਨਿਰੀਖਣ ਕਰੋ।

## ਮੈਨੂੰ ਕਿਸ ਚੀਜ਼ ਦੀ ਲੋੜ ਪਵੇਗੀ?

ਤੁਹਾਨੂੰ ਰਿਹਾਇਸ਼ੀ ਬਾਗ਼ ਸਥਾਪਤ ਕਰਨ ਲਈ ਸੰਦਾਂ ਅਤੇ ਸਮੱਗਰੀ ਦੀ ਜ਼ਰੂਰਤ ਹੋਏਗੀ, ਜਿਸ ਨੂੰ ਗੈਰ-ਪੌਦੇ ਤੱਤ ਕਿਹਾ ਜਾਂਦਾ ਹੈ ਜੋ ਜਾਨਵਰਾਂ ਨੂੰ ਆਕਰਸ਼ਿਤ ਕਰਨਗੇ।

1. **ਬਾਗ਼ਬਾਨੀ ਲਈ ਵਰਤੀ ਜਾਣ ਵਾਲੀ ਸਮੱਗਰੀ ਅਤੇ ਉਪਕਰਣ**

   (ਕ) ਤੁਹਾਨੂੰ ਬਾਗ਼ ਬਾਨੀ ਲਈ ਉਪਕਰਣ ਜਿਵੇਂ ਕਿ ਬੇਲਚਾ, ਬਰਛੇ, ਟਰੌਲ ਅਤੇ ਪਾਣੀ ਦੇ ਡੱਬੇ ਅਤੇ ਸੁਰੱਖਿਅਤ ਦਸਤਾਨਿਆਂ ਦੀ ਜ਼ਰੂਰਤ ਹੋਏਗੀ।

   (ਖ) ਤੁਹਾਨੂੰ ਪੌਦਿਆਂ ਦੇ ਬੀਜਾਂ ਜਾਂ ਪੌਦਿਆਂ ਦੀ ਵੀ ਜ਼ਰੂਰਤ ਪਵੇਗੀ, ਜਿਸ ਵਿੱਚ ਫੁੱਲਾਂ ਦੇ ਪੌਦੇ ਅਤੇ ਖਾਦ ਵਰਗੀਆਂ ਸਮੱਗਰੀਆਂ ਸ਼ਾਮਲ ਹਨ, ਤਾਂ ਜੋ ਉਹਨਾਂ ਨੂੰ ਸਿਹਤਮੰਦ ਪੌਦਿਆਂ ਵਿੱਚ ਵਧਣ ਵਿੱਚ ਸਹਾਇਤਾ ਕੀਤੀ ਜਾ ਸਕੇ।

2. **ਜੀਵਾਂ ਨੂੰ ਆਕਰਸ਼ਿਤ ਕਰਨ ਲਈ ਗ਼ੈਰ-ਪੌਦੇ ਤੱਤਾਂ ਨੂੰ ਸ਼ਾਮਲ ਕਰਨ ਲਈ ਸਮੱਗਰੀ**

   (ਕ) ਬਾਗ਼ਵਿੱਚ ਪਗਡੰਡੀਆਂ ਬਣਾਉਣ ਲਈ ਬੱਜਰੀ, ਲੱਕੜੀ ਦੇ ਟੁੱਕੜੇ ਜਾਂ ਇੱਟਾਂ ਆਦਿ।

   (ਖ) ਰਹਿੰਦ-ਖੂੰਹਦ ਸਮੱਗਰੀ ਜਿਵੇਂ ਕਿ ਪੁਰਾਣੇ ਡੱਬੇ, ਲੱਕੜ/ਲੱਕੜ ਦੀ ਪਲਾਈ, ਗੱਤੇ, ਪੁਰਾਣੀ ਡੋਰ, ਫੀਡਰ ਅਤੇ ਪੰਛੀਆਂ ਦੇ ਇਸ਼ਨਾਨ ਲਈ

   (ਗ) ਕੀੜੇ-ਮਕੌੜਿਆਂ ਲਈ ਪਨਾਹ ਬਣਾਉਣ ਲਈ ਪੱਥਰ, ਚੱਟਾਨਾਂ, ਲੱਕੜ, ਗੱਤੇ ਅਤੇ ਖਾਦ ਸਮਗਰੀ।

   (ਘ) ਹਥੌੜਾ ਅਤੇ ਇੱਕ ਛੋਟੀ ਆਰੀ ਵਰਗੇ ਔਜ਼ਾਰ।

   (ਙ) ਮੇਖਾਂ, ਕਿੱਲ ਅਤੇ ਫਾਸਟਨਰ

## ਮੈਂ ਆਪਣੇ ਆਪ ਨੂੰ ਅਤੇ ਦੂਜਿਆਂ ਨੂੰ ਕਿਵੇਂ ਸੁਰੱਖਿਅਤ ਰੱਖਾਂ?

ਰਿਹਾਇਸ਼ੀ ਬਾਗ਼ ਬਣਾਉਣ ਵੇਲੇ ਕੁਝ ਮੁੱਖ ਸਾਵਧਾਨੀਆਂ ਦੀ ਪਾਲਣਾ ਹੇਠ ਲਿਖੇ ਅਨੁਸਾਰ ਹੈ:

1. ਜਾਨਵਰਾਂ ਦੀਆਂ ਜ਼ਰੂਰਤਾਂ ਪ੍ਰਤੀ ਸੰਵੇਦਨਸ਼ੀਲ ਰਹੋ। ਧਿਆਨ ਰੱਖੋ ਕਿ ਉਨ੍ਹਾਂ ਨੂੰ ਪਰੇਸ਼ਾਨੀ ਨਾ ਹੋਵੇ।
2. ਜਾਨਵਰਾਂ ਦੇ ਨਿਵਾਸ ਸਥਾਨ ਨੂੰ ਨੁਕਸਾਨ ਨਾ ਪਹੁੰਚੇ।
3. ਆਪਣੀ ਸੁਰੱਖਿਆ ਲਈ ਸੰਦਾਂ ਅਤੇ ਸਮੱਗਰੀ ਨੂੰ ਸੰਭਾਲਣ ਵੇਲੇ ਦਸਤਾਨੇ ਪਹਿਨੋ।

not to be republished © NCERT

**ਇੰਟਰਨੈੱਟ ਸੁਰੱਖਿਆ:** ਇੰਟਰਨੈੱਟ ਦੀ ਵਰਤੋਂ ਕਰਦੇ ਸਮੇਂ ਆਪਣੇ ਅਧਿਆਪਕ ਤੋਂ ਮਦਦ ਮੰਗੋ। ਧਿਆਨ ਰੱਖੋ ਕਿ ਬਿਨ੍ਹਾਂ ਜਾਂਚ ਕੀਤੇ ਕੁਝ ਵੀ ਅੱਪਲੋਡ ਜਾਂ ਡਾਊਨਲੋਡ ਨਾ ਕਰੋ। ਨਿੱਜੀ ਜਾਣਕਾਰੀ ਕਿਤੇ ਵੀ ਸਾਂਝੀ ਨਾ ਕਰੋ।

## ਸ਼ੁਰੂ ਕਰਨ ਤੋਂ ਪਹਿਲਾਂ ਮੈਨੂੰ ਕੀ ਜਾਣਨ ਦੀ ਜ਼ਰੂਰਤ ਹੈ?

ਰਿਹਾਇਸ਼ੀ ਬਾਗ਼ ਨੂੰ ਵਿਕਸਤ ਕਰਨ ਲਈ, ਤੁਹਾਨੂੰ ਪਹਿਲਾਂ ਸਕੂਲ ਅਤੇ ਇਸ ਦੇ ਆਲ਼ੇ-ਦੁਆਲ਼ੇ ਦੇ ਜੀਵਾਂ ਦੀ ਪਛਾਣ ਕਰਨੀ ਚਾਹੀਦੀ ਹੈ। ਇਸ ਤੋਂ ਬਾਅਦ, ਤੁਹਾਨੂੰ ਜਗ੍ਹਾ, ਪਨਾਹ, ਭੋਜਨ ਅਤੇ ਪਾਣੀ ਦੇ ਮਾਮਲੇ ਵਿੱਚ ਇਨ੍ਹਾਂ ਜੀਵਾਂ ਦੀਆਂ ਜ਼ਰੂਰਤਾਂ ਨੂੰ ਸਮਝਣਾ ਚਾਹੀਦਾ ਹੈ।

### ਗਤੀਵਿਧੀ 1: ਸਕੂਲ ਦੇ ਅੰਦਰ ਅਤੇ ਆਲ਼ੇ-ਦੁਆਲ਼ੇ ਜੀਵਾਂ ਦੀ ਪਛਾਣ ਕਰਨਾ

ਕੁੱਝ ਸਮਾਂ ਸਕੂਲ ਦੇ ਆਲ਼ੇ-ਦੁਆਲ਼ੇ ਦੇਖਣ ਵਿੱਚ ਬਿਤਾਓ ਅਤੇ ਆਪਣੇ ਆਲ਼ੇ-ਦੁਆਲ਼ੇ ਦੇ ਜਾਨਵਰਾਂ ਦੀ ਪਛਾਣ ਕਰੋ।

ਇਸ ਤੋਂ ਬਾਅਦ, ਨੇੜਲੇ ਪਾਰਕ ਵਿੱਚ ਮਾਲੀ ਜਾਂ ਸਕੂਲ ਦੇ ਨੇੜੇ ਰਹਿਣ ਵਾਲੇ ਮੈਂਬਰਾਂ ਨੂੰ ਉਨ੍ਹਾਂ ਜੀਵਾਂ ਬਾਰੇ ਪੁੱਛੋ, ਉਨ੍ਹਾਂ ਨੇ ਆਲ਼ੇ-ਦੁਆਲ਼ੇ ਕਿਹੜੇ ਜੀਵਾਂ ਨੂੰ ਵੇਖਿਆ ਹੈ।

ਇਸ ਗੱਲ ਉੱਤੇ ਨਿਰਭਰ ਕਰਦੇ ਹੋਏ ਕਿ ਤੁਹਾਡਾ ਸਕੂਲ ਕਿੱਥੇ ਸਥਿਤ ਹੈ, ਉੱਥੇ ਕਬੂਤਰ, ਕਾਵਾਂ, ਚਿੜੀਆਂ, ਪਤੰਗਾਂ, ਪੈਰੇਗ੍ਰੀਨ ਬਾਜ਼, ਬੁਲਬੁਲ, ਮੈਨਾ, ਮੁਨੀਆ, ਸ਼ਕਰਖੋਰਾ,ਕਠਫੋੜਵਾ, ਉੱਲੂ ਅਤੇ ਕਈ ਹੋਰ ਪੰਛੀ ਹੋਣਗੇ (ਚਿੱਤਰ 2.6) ਵੇਖੋ। ਤੁਹਾਨੂੰ ਗਿੱਦੜ, ਚੂਹੇ, ਚਮਗਿੱਦੜ, ਨੇਵਲਾ ਅਤੇ ਸ਼ਾਇਦ ਕੁਝ ਹੋਰ ਛੋਟੇ ਜੀਵ, ਕਿਰਲੀਆਂ ਅਤੇ ਡੱਡੂ ਵੀ ਮਿਲ਼ ਸਕਦੇ ਹਨ। ਕੀੜੀਆਂ, ਤਿਤਲੀਆਂ, ਡ੍ਰੈਗਨਫਲਾਈਜ਼, ਬੀਟਲ, ਇੱਲੀ (ਕੈਟਰਪਿਲਰ), ਮੱਛਰ ਅਤੇ ਹੋਰ ਬਹੁਤ ਸਾਰੇ ਕੀੜੇ ਵੀ ਆਸ ਪਾਸ ਹੋਣ ਦੀ ਸੰਭਾਵਨਾ ਹੈ (ਚਿੱਤਰ 2.7) ਵੇਖੋ।

**ਚਿੱਤਰ 2.6:** *ਫੁੱਲਾਂ ਦਾ ਰਸ ਪੀਂਦੀ ਸਨਬਰਡ ਪਰਾਗਣ ਵਿੱਚ ਵੀ ਮਦਦ ਕਰਦੀ ਹੈ।*

**ਚਿੱਤਰ 2.7:** *ਫੁੱਲਦਾਰ ਨੈਸਟਰਸ਼ੀਅਮ ਪੌਦੇ ਦੇ ਪੱਤਿਆਂ ਉੱਤੇ ਇੱਲੀ*

ਆਪਣੇ ਆਲ਼ੇ-ਦੁਆਲ਼ੇ ਮੌਜੂਦ ਜੀਵਾਂ ਦੀ ਇੱਕ ਸੂਚੀ ਬਣਾਓ ਜੋ ਨਿਵਾਸ ਸਥਾਨ ਦੇ ਬਾਗ਼ਵੱਲ ਆਕਰਸ਼ਿਤ ਹੋ ਸਕਦੇ ਹਨ ਅਤੇ ਫੈਸਲਾ ਕਰੋ ਕਿ ਤੁਸੀਂ ਸਕੂਲ ਵਿੱਚ ਕਿਸ ਨੂੰ ਰੱਖਣਾ ਚਾਹੁੰਦੇ ਹੋ ਅਤੇ ਕਿਸ ਤੋਂ ਬਚਣਾ ਚਾਹੁੰਦੇ ਹੋ।

© NCERT not to be republished

ਆਪਣੇ ਜਵਾਬ ਸਾਰਣੀ 2 ਵਿੱਚ ਲਿਖੋ।

**ਸਾਰਣੀ 2: ਉਹ ਜਾਨਵਰ ਜੋ ਤੁਸੀਂ ਸਕੂਲ ਦੇ ਰਿਹਾਇਸ਼ੀ ਬਾਗ਼ ਵਿੱਚ ਚਾਹੁੰਦੇ ਹੋ ਜਾਂ ਨਹੀਂ ਚਾਹੁੰਦੇ**

| ਅਸੀਂ ਚਾਹੁੰਦੇ ਹਾਂ ਕਿ ਇਹ ਜਾਨਵਰ ਸਾਡੇ ਰਿਹਾਇਸ਼ੀ ਬਾਗ਼ ਵਿੱਚ ਹੋਣ | | ਅਸੀਂ ਆਪਣੇ ਰਿਹਾਇਸ਼ੀ ਬਾਗ਼ਵਿੱਚ ਇਨ੍ਹਾਂ ਜਾਨਵਰਾਂ ਨੂੰ ਨਹੀਂ ਰੱਖਣਾ ਚਾਹੁੰਦੇ | |
|---|---|---|---|
| 1. | ਤਿਤਲੀਆਂ | 1. | ਮੱਛਰ |
| 2. | ਸ਼ਕਰਖੋਰਾ | 2. | ਸੱਪ |
| 3. | | 3. | |
| 4. | | 4. | |
| 5. | | 5. | |

ਇੱਕ ਵਾਰ ਇਹ ਸੂਚੀ ਤਿਆਰ ਹੋ ਜਾਣ ਤੋਂ ਬਾਅਦ, ਅਗਲਾ ਕਦਮ ਇਹ ਪਤਾ ਕਰਨਾ ਹੋਵੇਗਾ ਕਿ ਇਨ੍ਹਾਂ ਜਾਨਵਰਾਂ ਨੂੰ ਉਨ੍ਹਾਂ ਦੇ ਨਿਵਾਸ ਸਥਾਨ ਵਿੱਚ ਕੀ ਚਾਹੀਦਾ ਹੈ।

## ਗਤੀਵਿਧੀ 2: ਕਿਸੇ ਮਾਹਰ ਨਾਲ਼ ਗੱਲਬਾਤ ਕਰੋ

ਤੁਹਾਡੇ ਦੁਆਰਾ ਪਛਾਣੇ ਗਏ ਜਾਨਵਰਾਂ ਦੀ ਜ਼ਰੂਰਤ ਦਾ ਮੁਲਾਂਕਣ ਕਰਨ ਲਈ, ਕਿਸੇ ਮਾਹਰ ਨਾਲ਼ ਗੱਲ ਕਰਨਾ ਲਾਭਦਾਇਕ ਹੋਵੇਗਾ। ਇਹ ਮਾਹਰ ਇੱਕ ਕਿਸਾਨ, ਮਾਲੀ ਜਾਂ ਕੋਈ ਹੋਰ ਸਮੁਦਾਇ ਦਾ ਮੈਂਬਰ ਹੋ ਸਕਦਾ ਹੈ ਜਿਸ ਦਾ ਬਾਗ਼ ਹੈ ਜਾਂ ਜੀਵਾਂ ਵਿੱਚ ਦਿਲਚਸਪੀ ਰੱਖਦਾ ਹੈ। ਜੇ ਸੰਭਵ ਹੋਵੇ, ਤਾਂ ਤੁਸੀਂ ਇੱਕ ਪ੍ਰਕਿਰਤੀਵਾਦੀ (ਜੋ ਲੰਬੇ ਸਮੇਂ ਤੱਕ ਨਿਰੀਖਣ ਦੁਆਰਾ ਕੁਦਰਤੀ ਸੰਸਾਰ ਦੀ ਸਮਝ ਪ੍ਰਾਪਤ ਕਰਦਾ ਹੈ), ਰੱਖਿਆਵਾਦੀ (ਜੋ ਜਾਨਵਰਾਂ ਦੀ ਸੁਰੱਖਿਆ ਦੀ ਜ਼ਰੂਰਤ ਬਾਰੇ ਦੱਸਦਾ ਹੈ ਅਤੇ ਸੁਝਾਅ ਦਿੰਦਾ ਹੈ), ਜੀਵ-ਵਿਗਿਆਨੀ (ਜੋ ਜਾਨਵਰਾਂ ਦੇ ਵਿਵਹਾਰ ਦਾ ਅਧਿਐਨ ਕਰਦਾ ਹੈ), ਕੀਟ ਵਿਗਿਆਨੀ (ਜੋ ਕੀੜਿਆਂ ਬਾਰੇ ਜਾਣਦੇ ਹਨ), ਤਿਤਲੀ ਵਿਗਿਆਨੀ (ਜੋ ਕੀੜਿਆਂ ਵਿੱਚ ਤਿਤਲੀਆਂ ਅਤੇ ਕੀੜਿਆਂ ਉੱਤੇ ਧਿਆਨ ਕੇਂਦਰਿਤ ਕਰਦਾ ਹੈ), ਬਨਸਪਤੀ ਵਿਗਿਆਨੀ (ਜੋ ਪੌਦਿਆਂ ਦਾ ਅਧਿਐਨ ਕਰਦਾ ਹੈ) ਅਤੇ ਕੋਈ ਵੀ ਵਿਗਿਆਨੀ ਜੋ ਕੁਦਰਤੀ ਸੰਸਾਰ ਦਾ ਅਧਿਐਨ ਕਰਦਾ ਹੈ, ਉਸ ਨੂੰ ਵੀ ਮਿਲ਼ ਸਕਦੇ ਹੋ।

ਮਾਹਰਾਂ ਨੂੰ ਪੁੱਛਣ ਲਈ ਪ੍ਰਸ਼ਨਾਂ ਬਾਰੇ ਸੋਚੋ। ਕੁੱਝ ਪ੍ਰਸ਼ਨ ਹੇਠਾਂ ਦਿੱਤੇ ਗਏ ਹਨ, ਤੁਸੀਂ ਹੋਰ ਬਹੁਤ ਸਾਰੇ ਬਾਰੇ ਸੋਚ ਸਕਦੇ ਹੋ।

1. ਸਕੂਲ ਦੇ ਆਲ਼ੇ-ਦੁਆਲ਼ੇ ਪਛਾਣੇ ਗਏ ਜਾਨਵਰਾਂ ਵਿੱਚੋਂ ਕਿਹੜੇ ਸਾਡੇ ਸਕੂਲ ਦੇ ਰਿਹਾਇਸ਼ੀ ਬਾਗ਼ ਵੱਲ ਆਕਰਸ਼ਿਤ ਹੋਣ ਦੀ ਸੰਭਾਵਨਾ ਹੈ?

   ..............................................................................................................

   ..............................................................................................

2. ਅਸੀਂ ਉਹਨਾਂ ਜੀਵਾਂ ਦਾ ਪ੍ਰਵੇਸ਼ ਕਿਵੇਂ ਰੋਕ ਸਕਦੇ ਹਾਂ ਜਿਨ੍ਹਾਂ ਨੂੰ ਅਸੀਂ ਆਪਣੇ ਸਕੂਲ ਦੇ ਰਿਹਾਇਸ਼ੀ ਬਾਗ਼ਵਿੱਚ ਵਿੱਚ ਆਉਣ ਨਹੀਂ ਦੇਣਾ ਚਾਹੁੰਦੇ?

   ..............................................................................................................

   ............................................................................................................

© NCERT not to be republished

3. ਰਿਹਾਇਸ਼ੀ ਬਾਗ਼ ਕਿੱਥੇ ਵਿਕਸਤ ਕੀਤਾ ਜਾਣਾ ਚਾਹੀਦਾ ਹੈ?

..................................................................................................................

.................................................................................................

ਹੁਣ ਮਾਹਰਾਂ ਦੀ ਮਦਦ ਨਾਲ਼ ਸਾਰਣੀ 2.2 ਅਤੇ 2.3 ਵਿੱਚ ਸੂਚਨਾ ਭਰੋ। ਯਕੀਨੀ ਬਣਾਓ ਕਿ ਤੁਹਾਡੇ ਕੋਲ਼ ਘੱਟੋ-ਘੱਟ ਦੋ ਕਿਸਮਾਂ ਦੇ ਪੰਛੀਆਂ, ਕੀੜੇ-ਮਕੌੜਿਆਂ ਅਤੇ ਛੋਟੇ ਥਣਧਾਰੀ ਜੀਵਾਂ ਦੀ ਜਾਣਕਾਰੀ ਇੱਕਠੀ ਕੀਤੀ ਗਈ ਹੈ।

**ਸਾਰਣੀ 2.2: ਜੀਵਾਂ ਦੀਆਂ ਜ਼ਰੂਰਤਾਂ ਅਨੁਸਾਰ ਜੋ ਅਸੀਂ ਆਪਣੇ ਰਿਹਾਇਸ਼ੀ ਬਾਗ਼ ਵਿੱਚ ਚਾਹੁੰਦੇ ਹਾਂ**

| ਜੀਵ ਪਸ਼ੂ-ਪੰਛੀਆਂ ਦੇ ਨਾਮ | ਜ਼ਰੂਰਤਾਂ | | | | |
|---|---|---|---|---|---|
| | ਉਹ ਭੋਜਨ ਜੋ ਉਹ ਆਮ ਤੌਰ 'ਤੇ ਖਾਂਦੇ ਹਨ | ਪਾਣੀ ਅਤੇ ਭੋਜਨ ਦੀ ਵਿਵਸਥਾ ਕਿਵੇਂ ਕੀਤੀ ਜਾਵੇ | ਉਹਨਾਂ ਨੂੰ ਨਿਵਾਸ ਦੀ ਜ਼ਰੂਰਤ ਹੈ | ਉਹਨਾਂ ਨੂੰ ਕਿਸ ਪ੍ਰਕਾਰ ਦੀ ਜਗ੍ਹਾ ਦੀ ਜ਼ਰੂਰਤ ਹੈ | ਕੋਈ ਹੋਰ (ਉਦਾਹਰਣ ਵਜੋਂ, ਵਿਸ਼ੇਸ਼ ਪੌਦੇ, ਫੁੱਲ, ਆਦਿ ਤੋਂ ਆਕਰਸ਼ਿਤ ਹੋਣ) |
| | | | | | |
| | | | | | |
| | | | | | |
| | | | | | |
| | | | | | |
| | | | | | |

**ਸਾਰਣੀ 2.3: *ਰਿਹਾਇਸ਼ੀ ਬਾਗ਼ ਤੋਂ ਜੀਵਾਂ ਨੂੰ ਦੂਰ ਰੱਖਣ ਦਾ ਤਰੀਕਾ***

| ਜੀਵਾਂ ਦੇ ਨਾਮ | ਅਸੀਂ ਉਨ੍ਹਾਂ ਨੂੰ ਆਪਣੇ ਬਾਗ਼ ਵਿੱਚ ਕਿਉਂ ਨਹੀਂ ਆਉਣਾ ਦੇਣਾ ਚਾਹੁੰਦੇ? (ਕਾਰਨ ਦਾ ਜ਼ਿਕਰ ਕਰੋ) | ਅਸੀਂ ਉਨ੍ਹਾਂ ਨੂੰ ਰਿਹਾਇਸ਼ੀ ਬਾਗ਼ ਵਿੱਚ ਦਾਖਲ ਹੋਣ ਤੋਂ ਰੋਕਣ ਲਈ ਕੀ ਕਰ ਸਕਦੇ ਹਾਂ? |
|---|---|---|
| | | |
| | | |
| | | |
| | | |
| | | |
| | | |

ਮਾਹਰਾਂ ਤੋਂ ਮਿਲ਼ੀ ਸੂਚਨਾ ਦੇ ਅਧਾਰ ਤੇ ਤੁਸੀਂ ਆਪਣੇ ਸਾਥੀ ਨਾਲ਼ ਚਰਚਾ ਕਰੋ। ਇਸ ਦੇ ਅਧਾਰ 'ਤੇ ਤੁਸੀਂ ਰਿਹਾਇਸ਼ੀ ਬਾਗ਼ ਨਾਲ਼ ਸੰਬੰਧਿਤ ਸਾਰੇ ਫੈਸਲੇ ਆਪ ਕਰੋਗੇ।

## ਮੈਨੂੰ ਕੀ ਕਰਨਾ ਚਾਹੀਦਾ ਹੈ?

ਹੁਣ ਤੁਹਾਨੂੰ ਕੁਝ ਸਮਾਂ ਜੀਵਾਂ ਦਾ ਨਿਰੀਖਣ ਕਰਨ ਲਈ ਬਿਤਾਉਣਾ ਚਾਹੀਦਾ ਹੈ, ਤਾਂ ਜੋ ਤੁਸੀਂ ਉਹਨਾਂ ਦੇ ਨਿਵਾਸ ਨੂੰ ਬਣਾਉਣ ਲਈ ਡੂੰਘਾਈ ਤੋਂ ਸਮਝ ਸਕੋ।

© NCERT not to be republished

## ਕੀ ਤੁਸੀਂ ਜਾਣਦੇ ਹੋ?

ਜੁਗਨੂੰ ਕੀੜੇ-ਮਕੌੜਿਆਂ ਦੀ ਇੱਕ ਪ੍ਰਜਾਤੀ ਹੈ ਜੋ ਰੋਸ਼ਨੀ ਛੱਡਦੇ ਹਨ। ਕੁਝ ਦਹਾਕੇ ਪਹਿਲਾਂ, ਸਾਡੇ ਦੇਸ਼ ਦੇ ਕੁਝ ਖੇਤਰਾਂ ਵਿੱਚ ਪੂਰੇ ਰੁੱਖ ਛੋਟੀਆਂ ਲਾਈਟਾਂ ਨਾਲ਼ ਰੋਸ਼ਨ ਹੁੰਦੇ ਸਨ, ਪਰ ਹੁਣ ਇਹ ਬਹੁਤ ਘੱਟ ਗਏ ਹਨ (ਚਿੱਤਰ 2.8)।

ਜੁਗਨੂੰ ਵੱਖ-ਵੱਖ ਨਿਵਾਸ ਸਥਾਨਾਂ ਵਿੱਚ ਰਹਿੰਦੇ ਹਨ ਪਰ ਜ਼ਿਆਦਾਤਰ ਨਮੀ ਵਾਲੇ, ਗਰਮ ਵਾਤਾਵਰਣ ਵਿੱਚ ਪਾਈਆਂ ਜਾਂਦੀਆਂ ਹਨ। ਬਹੁਤ ਸਾਰੀਆਂ ਪ੍ਰਜਾਤੀਆਂ ਜੰਗਲਾਂ ਅਤੇ ਖੇਤਾਂ ਜਾਂ ਉਹਨਾਂ ਦੇ ਵਿੱਚਕਾਰ ਦੇ ਖੇਤਰ ਵਿੱਚ ਪ੍ਰਫੁੱਲਤ ਹੁੰਦੀਆਂ ਹਨ। ਇਸ ਤੋਂ ਇਲਾਵਾ, ਜਿਵੇਂ-ਜਿਵੇਂ ਪ੍ਰਕਾਸ਼ ਪ੍ਰਦੂਸ਼ਣ ਵਧਦਾ ਹੈ, ਜੁਗਨੂੰ ਇੱਕ-ਦੂਜੇ ਨੂੰ ਸੰਕੇਤ ਨਹੀਂ ਦੇ ਸਕਦੇ। ਇਸ ਨਾਲ਼ ਉਨ੍ਹਾਂ ਦਾ ਜੀਵਨ-ਚੱਕਰ ਪ੍ਰਭਾਵਿਤ ਹੁੰਦਾ ਹੈ ਅਤੇ ਉਨ੍ਹਾਂ ਦੀ ਗਿਣਤੀ ਘਟ ਗਈ ਹੈ।



ਚਿੱਤਰ 2.8: *ਫ਼ਾਇਰਫਲਾਈਜ਼*

ਇਸ ਤਰ੍ਹਾਂ, ਜੁਗਨੂੰ ਆਪਣੇ ਬਦਲੇ ਹੋਏ ਨਿਵਾਸ ਸਥਾਨ ਦੇ ਅਨੁਕੂਲ ਨਹੀਂ ਰਹਿ ਸਕੇ ਹਨ। ਇਹ ਇਨ੍ਹਾਂ ਖੇਤਰਾਂ ਦੇ ਕਿਸਾਨਾਂ ਲਈ ਇੱਕ ਗੰਭੀਰ ਸਮੱਸਿਆ ਹੈ। ਜੁਗਨੂੰ ਕਿਸਾਨਾਂ ਲਈ ਮਹੱਤਵਪੂਰਨ ਹਨ ਕਿਉਂਕਿ ਉਹ ਫਸਲਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀਟਾਂ ਨੂੰ ਖਾ ਜਾਂਦੇ ਹਨ। ਉਨ੍ਹਾਂ ਦੀ ਗਿਣਤੀ ਘੱਟ ਹੋਣ ਕਾਰਨ ਹੁਣ ਕਿਸਾਨਾਂ ਨੂੰ ਆਪਣੀ ਫਸਲ ਦੀ ਰੱਖਿਆ ਲਈ ਰਸਾਇਣਾਂ 'ਤੇ ਨਿਰਭਰ ਹੋਣਾ ਪੈਂਦਾ ਹੈ, ਜਿਸ ਦਾ ਪੌਦਿਆਂ ਅਤੇ ਉਨ੍ਹਾਂ ਦਾ ਸੇਵਨ ਕਰਨ ਵਾਲਿਆਂ 'ਤੇ ਸਿੱਧਾ ਹਾਨੀਕਾਰਕ ਪ੍ਰਭਾਵ ਪੈਂਦਾ ਹੈ।।

### ਮੋਬਾਈਲ ਐਪ ਦੀ ਵਰਤੋਂ ਕਰਕੇ ਪਛਾਣ ਕਰੋ

ਤੁਸੀਂ ਪੰਛੀਆਂ, ਤਿਤਲੀਆਂ ਅਤੇ ਹੋਰ ਕੀੜਿਆਂ ਦੀ ਪਛਾਣ ਕਰਨ ਲਈ ਮੋਬਾਈਲ ਐਪਲੀਕੇਸ਼ਨਾਂ ਦੀ ਵਰਤੋਂ ਕਰ ਸਕਦੇ ਹੋ। ਕੁੱਝ ਉਪਯੋਗੀ ਐਪ ਹਨ:

- **ਸੀਕ ਬਾਏ ਆਈਨੈਚੁਰਲਿਸਟ** (Seek by iNaturalist): ਇਹ ਐਪ ਚਿੱਤਰ ਪਛਾਣ ਦੁਆਰਾ ਕੀੜੇ-ਮਕੌੜਿਆਂ, ਤਿਤਲੀਆਂ, ਪੰਛੀਆਂ ਅਤੇ ਜਾਨਵਰਾਂ ਦੀ ਪਛਾਣ ਕਰਨ ਵਿੱਚ ਸਹਾਇਤਾ ਕਰਦਾ ਹੈ।
- **ਪਲਾਂਟਨੈੱਟ ਐਪ** (PlantNet): ਇਹ ਐਪ ਸਥਾਨਕ ਪੌਦਿਆਂ ਦੀਆਂ ਕਿਸਮਾਂ ਦੀ ਪਛਾਣ ਕਰਨ ਅਤੇ ਸੰਭਾਲ ਵਿੱਚ ਉਨ੍ਹਾਂ ਦੇ ਮਹੱਤਵ ਨੂੰ ਸਮਝਣ ਵਿੱਚ ਸਹਾਇਤਾ ਕਰਦਾ ਹੈ।
- **ਈਬਰਡ** (eBird): ਇਹ ਐਪ ਪੰਛੀਆਂ ਨੂੰ ਵੇਖਣ ਅਤੇ ਇੱਕ ਵਿਸ਼ਵ ਪੱਧਰੀ ਨਾਗਰਿਕ ਵਿਗਿਆਨ ਡੇਟਾਬੇਸ ਵਿੱਚ ਯੋਗਦਾਨ ਪਾਉਣ ਲਈ ਵਰਤਿਆ ਜਾਂਦਾ ਹੈ।
- **ਮਰਲਿਨ ਬਰਡ ਆਈਡੀ** (Merlin Bird ID): ਇਹ ਐਪ ਆਵਾਜ਼ ਜਾਂ ਚਿੱਤਰ ਦੁਆਰਾ ਪੰਛੀਆਂ ਦੀਆਂ ਕਿਸਮਾਂ ਦੀ ਪਛਾਣ ਕਰਨ ਲਈ ਵਰਤਿਆ ਜਾਂਦਾ ਹੈ।
- **ਪਿੱਚਰ ਇਨਸੈਕਟ**(Picture Insect): ਇਹ ਐਪ ਕੀਟਾਂ ਦੀ ਪਛਾਣ ਕਰਨ ਲਈ ਵਰਤੀ ਜਾਂਦੀ **ਹੈ।**

© NCERT not to be republished

## ਗਤੀਵਿਧੀ 3: ਕੁਦਰਤੀ ਨਿਵਾਸ ਸਥਾਨਾਂ ਦੀ ਪਛਾਣ ਕਰਨਾ

ਆਪਣੇ ਰਿਹਾਇਸ਼ੀ ਬਾਗ਼ਨੂੰ ਡਿਜ਼ਾਈਨ ਕਰਨ ਤੋਂ ਪਹਿਲਾਂ, ਆਪਣੇ ਸਕੂਲ ਦੇ ਆਲ਼ੇ-ਦੁਆਲ਼ੇ ਦੇ ਕੁਦਰਤੀ ਨਿਵਾਸ ਸਥਾਨ ਦਾ ਅਧਿਐਨ ਕਰੋ। ਤੁਸੀਂ ਪਹਿਲਾਂ ਹੀ ਕੁਦਰਤ ਦੀ ਸੈਰ ਕਰ ਚੁੱਕੇ ਹੋਵੋਗੇ, ਪਰ ਇਸ ਵਾਰ ਉਹ ਗੱਲਾਂ ਯਾਦ ਰੱਖੋ ਕਿ ਮਾਹਰਾਂ ਨੇ ਤੁਹਾਡੇ ਨਾਲ਼ ਕੀ ਸਾਂਝਾ ਕੀਤਾ ਹੈ ਅਤੇ ਵਿਸ਼ੇਸ਼ ਪਹਿਲੂਆਂ ‘ਤੇ ਧਿਆਨ ਕੇਂਦਰਤ ਕਰੋ।

ਜਾਨਵਰਾਂ ਦੇ ਵਿਵਹਾਰ ਦਾ ਅਧਿਐਨ ਕਰਨ ਲਈ, ਤੁਸੀਂ ਨੇੜਲੇ ਖੇਤਾਂ ਜਾਂ ਖੁੱਲ੍ਹੇ ਇਲਾਕਿਆਂ, ਜਲ-ਸਰੋਤਾਂ, ਜੰਗਲਾਂ (ਸ਼ਹਿਰ ਵਿੱਚ ਮੌਜੂਦ ਜੰਗਲਾਤੀ ਖੇਤਰ ਸਮੇਤ), ਪਾਰਕਾਂ, ਵੱਡੇ ਬਾਗ਼ਾਂ ਅਤੇ ਇਸ ਤਰ੍ਹਾਂ ਦੇ ਹੋਰ ਸਥਾਨਾਂ ‘ਤੇ ਜਾ ਸਕਦੇ ਹੋ।


(ਕ)


(ਖ)


(ਗ)

**ਚਿੱਤਰ 2.9:** *(ਕ) ਤਿਤਲੀਆਂ ਚਮਕਦਾਰ ਰੰਗ ਦੇ ਫੁੱਲਾਂ ਵੱਲ ਆਕਰਸ਼ਿਤ ਹੁੰਦੀਆਂ ਹਨ (ਖ) ਗਿੱਲਹਿਰੀਆਂ ਦਰੱਖ਼ਤਾਂ ‘ਤੇ ਰਹਿੰਦੀਆਂ ਹਨ ਪਰ ਖ਼ੁਰਾਕ ਲਈ ਘਾਹ ਵਾਲੇ ਇਲਾਕਿਆਂ ਵਿੱਚ ਹੇਠਾਂ ਆਉਣਾ ਪਸੰਦ ਕਰਦੀਆਂ ਹਨ (ਗ) ਟਿੱਡੇ ਧੁੱਪ ਵਾਲੇ, ਘਾਹ ਵਾਲੇ, ਨਮੀ ਵਾਲੇ ਬਗੀਚਿਆਂ ਵਿੱਚ ਪਾਏ ਜਾਂਦੇ ਹਨ ਅਤੇ ਕਈ ਵਾਰ ਮਿੱਟੀ ਵਿੱਚ ਵੜ ਜਾਂਦੇ ਹਨ*

ਇਹ ਅਧਿਐਨ ਸਵੇਰੇ ਜਲਦੀ ਕੀਤੇ ਜਾਂਦੇ ਹਨ, ਜਦੋਂ ਜਾਨਵਰ ਸਭ ਤੋਂ ਵੱਧ ਕਿਰਿਆਸ਼ੀਲ ਹੁੰਦੇ ਹਨ। ਆਪਣੇ ਅਧਿਐਨ ਨੂੰ ਨੋਟ ਕਰਨ ਲਈ ਸਾਰਣੀ 2.4 ਦੀ ਵਰਤੋਂ ਕਰੋ।

**ਸਾਰਣੀ 2.4: ਜੀਵਾਂ ਦੇ ਨਿਵਾਸ ਸਥਾਨ ਅਤੇ ਵਿਵਹਾਰ ਦਾ ਨਿਰੀਖਣ**

| ਨਿਵਾਸ ਸਥਾਨ ਦਾ ਵੇਰਵਾ | | | | | |
|---|---|---|---|---|---|
| ਜੀਵ | ਨਿਰੀਖਣ ਨਾਲ਼ ਸਬੰਧਤ | | | | |
| | ਸਥਾਨ | ਪਾਣੀ | ਭੋਜਨ | ਸ਼ੈਲਟਰ | ਕੁੱਝ ਹੋਰ |
| | | | | | |
| | | | | | |
| | | | | | |
| | | | | | |
| | | | | | |
| | | | | | |

ਇਹ ਨਿਰੀਖਣ ਸਾਨੂੰ ਇਹ ਸਮਝਣ ਵਿੱਚ ਸਹਾਇਤਾ ਕਰ ਸਕਦੇ ਹਨ ਕਿ ਜੀਵ ਆਪਣੇ ਆਪ ਨੂੰ ਅਤੇ ਆਪਣੇ ਬੱਚਿਆਂ ਨੂੰ ਸ਼ਿਕਾਰੀ ਜਾਨਵਰਾਂ ਤੋਂ ਕਿਵੇਂ ਸੁਰੱਖਿਅਤ ਰੱਖਦੇ ਹਨ, ਉਹ ਕਿਸ ਜਗ੍ਹਾ ਵਿੱਚ ਪ੍ਰਫੁੱਲਤ ਹੁੰਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਆਪ ਨੂੰ ਕਾਇਮ ਰੱਖਣ ਦੀ ਕੀ ਲੋੜ ਹੁੰਦੀ ਹੈ।

© NCERT not to be republished

## ਗਤੀਵਿਧੀ 4: ਜੀਵਾਂ ਦੀਆਂ ਜ਼ਰੂਰਤਾਂ ਦੀ ਪਛਾਣ ਕਰਨਾ

ਤੁਸੀਂ ਹੁਣ ਜੀਵਾਂ ਦੀਆਂ ਜ਼ਰੂਰਤਾਂ ਦੇ ਅਧਾਰ ਉੱਤੇ ਆਪਣੇ ਸਕੂਲ ਦੇ ਰਿਹਾਇਸ਼ੀ ਬਾਗ਼ਨੂੰ ਡਿਜ਼ਾਈਨ ਕਰਨ ਲਈ ਤਿਆਰ ਹੋ।

ਮਾਹਰਾਂ ਨਾਲ਼ ਆਪਣੀ ਗੱਲਬਾਤ ਅਤੇ ਆਪਣੇ ਨਿਰੀਖਣਾਂ ਦੇ ਅਧਾਰ ਉੱਤੇ ਆਪਣੀ ਸਿੱਖਿਆ ਨੂੰ ਯੋਜਨਾਬੱਧ ਢੰਗ ਨਾਲ਼ ਲਿਖਣ ਲਈ ਸਾਰਣੀ 2.5 ਦੀ ਵਰਤੋਂ ਕਰੋ। ਇਹ ਸਾਰਣੀ ਵੱਖ-ਵੱਖ ਜਾਨਵਰਾਂ ਦੀਆਂ ਜ਼ਰੂਰਤਾਂ ਦੀ ਪਛਾਣ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਹੈ ਜੋ ਤੁਸੀਂ ਆਪਣੇ ਨਿਵਾਸ ਸਥਾਨ ਦੇ ਬਾਗ਼ ਵੱਲ ਆਕਰਸ਼ਿਤ ਕਰਨਾ ਚਾਹੁੰਦੇ ਹੋ। ਜੇ ਤੁਹਾਡੇ ਕੋਲ਼ ਅਜੇ ਵੀ ਪ੍ਰਸ਼ਨ ਹਨ, ਤਾਂ ਕਿਰਪਾ ਕਰਕੇ ਮਾਹਰਾਂ ਨੂੰ ਦੁਬਾਰਾ ਪੁੱਛੋ।

ਤੁਹਾਡੇ ਮਾਰਗਦਰਸ਼ਨ ਦੇ ਲਈ ਕੁੱਝ ਉਦਾਹਰਣਾਂ ਦਿੱਤੀਆਂ ਗਈਆਂ ਹਨ।

**ਸਾਰਣੀ 2: ਜੀਵਾਂ ਦੀਆਂ ਵਿਸ਼ੇਸ਼ ਜ਼ਰੂਰਤਾਂ ਨੂੰ ਸਮਝਣਾ**

| ਸਥਾਨ | ਭੋਜਨ | ਪਾਣੀ | ਸ਼ੈਲਟਰ |
|---|---|---|---|
| **ਚਿੜੀ** | | | |
| ਦਰੱਖ਼ਤਾਂ, ਝਾੜੀਆਂ, ਜ਼ਮੀਨ ਉੱਤੇ, ਇਮਾਰਤਾਂ ਉੱਤੇ ਪਾਈਆਂ ਜਾਂਦੀਆਂ ਹਨ ਇਹ ਝੁੰਡ ਵਿੱਚ ਘੁੰਮਦੀਆਂ ਹਨ | ਕੀੜੇ-ਮਕੌੜੇ, ਅਨਾਜ, ਬੀਜ, ਛੋਟੇ ਫਲ; ਉਹਨਾਂ ਨੂੰ ਜ਼ਮੀਨ ਜਾਂ ਰੁੱਖ ਦੀ ਛਾਲ਼ ਤੋਂ ਚੁਣ ਕੇ ਖਾਂਦੀ ਹੈ | ਕਿਸੇ ਵੀ ਪਾਣੀ ਦੇ ਸਰੋਤ ਤੋਂ ਪੀਣ ਵਾਲਾ ਪਾਣੀ ਪੀਂਦੀ ਹੈ। | ਸੰਘਣੀ ਝਾੜੀਆਂ ਜਾਂ ਦਰੱਖ਼ਤਾਂ ਵਿੱਚ ਆਲ੍ਹਣੇ ਬਣਾਉਂਦੀਆਂ ਹਨ; ਘਰਾਂ ਦੀ ਛੱਤ ਦੇ ਹੇਠਾਂ ਸਟ੍ਰੀਟ ਲਾਈਟਾਂ ਵਰਗੇ ਮਨੁੱਖ ਨਿਰਮਿਤ ਢਾਂਚਿਆਂ ਵਿੱਚ ਵੀ ਆਲ੍ਹਣੇ ਬਣਾਉਂਦੀਆਂ ਹਨ |
| **ਹੋਰ ਸੂਚਨਾ:** ਮਿੱਟੀ ਵਿੱਚ ਇੱਕ ਖੱਡਾ ਕਰ ਕੇ ਨਹਾਉਣ ਵਿੱਚ ਦਿਲਚਸਪੀ ਰੱਖਦੀਆਂ ਹਨ ਪੁੱਟ ਕੇ ਅਤੇ ਇਸ ਦੇ ਖੰਭਾਂ ਉੱਤੇ ਚਿੱਕੜ ਨੂੰ ਝਾੜਦੀ ਹੈ ਅਤੇ ਘੱਟ ਤਲਾਅ ਵਿੱਚ ਨਹਾਉਣਾ ਵੀ ਪਸੰਦ ਕਰਦੀ ਹੈ; ਝੁੰਡ ਵਿੱਚ ਚਲਦੀ ਹੈ ਅਤੇ ਕਈ ਵਾਰ ਝਾੜੀਆਂ ਵਿੱਚ ਇਕੱਠੇ ਗਾਉਂਦੀਆਂ ਹਨ। | | | |
| **ਮਕੜੀ** | | | |
| ਸੂਰਜ ਦੀ ਰੌਸ਼ਨੀ ਦੀ ਘਾਟ ਵਾਲੇ ਖੇਤਰਾਂ ਵਿੱਚ ਪਾਇਆ ਜਾਂਦਾ ਹੈ; ਅਕਸਰ ਉਹਨਾਂ ਥਾਵਾਂ ਵਿੱਚ ਪਾਇਆ ਜਾਂਦਾ ਹੈ ਜਿੱਥੋਂ ਕੀੜੇ ਲੰਘਦੇ ਹਨ | ਹੋਰ ਕੀੜੇ-ਮਕੌੜੇ ਜਿਵੇਂ ਕਿ ਕੀੜੀਆਂ, ਮੱਖੀਆਂ, ਮੱਛਰ | ਤ੍ਰੇਲ ਤੋਂ; ਸਵੇਰੇ-ਸਵੇਰੇ, ਤੁਸੀਂ ਮੱਕੜੀ ਦੇ ਜਾਲ਼ ਉੱਤੇ ਤ੍ਰੇਲ ਦੇਖ ਸਕਦੇ ਹੋ। | ਰੇਸ਼ਮ ਤੋਂ ਜਾਲ਼ ਬਣਾਉਂਦਾ ਹੈ; ਕਈ ਵਾਰ ਪੱਤੇ ਅਤੇ ਕੂੜੇ ਦੇ ਛੋਟੇ ਟੁਕੜੇ ਵੀ ਜਾਲ਼ ਵਿੱਚ ਫਸ ਜਾਂਦੇ ਹਨ। |
| **ਹੋਰ ਸੂਚਨਾ:** ਮੱਕੜੀਆਂ ਸੰਘਣੀਆਂ ਟਹਿਣੀਆਂ ਜਾਂ ਝਾੜੀਆਂ ਹੇਠ ਆਪਣੇ ਜਾਲ਼ ਬਣਾਉਣਾ ਪਸੰਦ ਕਰਦੀਆਂ ਹਨ, ਤਾਂ ਜੋ ਪੌਦਿਆਂ ਤੋਂ ਡਿੱਗਣ ਵਾਲਾ ਕੋਈ ਵੀ ਕੀੜਾ ਜਾਲ਼ ਵਿੱਚ ਫਸ ਜਾਵੇ। | | | |
| **ਤਿਤਲੀਆਂ** | | | |
| ਇਹ ਖੁੱਲ੍ਹੇ, ਧੁੱਪ ਵਾਲੇ ਖੇਤਰਾਂ ਵਿੱਚ ਪਾਏ ਜਾਂਦੇ ਹਨ ਜਿੱਥੇ ਫੁੱਲਦਾਰ ਪੌਦੇ ਅਤੇ ਪਾਣੀ ਹੁੰਦਾ ਹੈ। ਇਹ ਨਾਜ਼ੁਕ ਹੁੰਦੇ ਹਨ ਅਤੇ ਰੁੱਖਾਂ ਅਤੇ ਝਾੜੀਆਂ ਵਿੱਚ ਹਵਾ ਤੋਂ ਸੁਰੱਖਿਆ ਦੀ ਲੋੜ ਹੁੰਦੀ ਹੈ। ਇਹ ਹਵਾ ਤੋਂ ਸੁਰੱਖਿਆ ਪ੍ਰਾਪਤ ਕਰਦੇ ਹਨ (ਜਿਵੇਂ ਕਿ ਰੁੱਖ ਅਤੇ ਪੌਦੇ)। | ਫੁੱਲਾਂ ਦਾ ਰਸ, ਖੰਡ, ਸ਼ਰਬਤ, ਸੜੇ ਹੋਏ ਫਲ, ਕੁਚਲੇ ਹੋਏ ਫਲ। | ਇਹਨਾਂ ਨੂੰ ਬਹੁਤ ਘੱਟ ਪਾਣੀ ਦੀ ਲੋੜ ਹੁੰਦੀ ਹੈ ਅਤੇ ਇਹ ਨਮੀ ਵਾਲੀ ਮਿੱਟੀ ਜਾਂ ਫਲਾਂ ਤੋਂ ਨਮੀ ਲੈਂਦੇ ਹਨ। ਉਹ ਤੈਰ ਨਹੀਂ ਸਕਦੇ ਪਰ ਉਹ ਘੱਟ ਡੂੰਘੇ ਤਲਾਬਾਂ ਦੇ ਕੰਢਿਆਂ ਤੋਂ ਪਾਣੀ ਪੀਣਾ ਪਸੰਦ ਕਰਦੇ ਹਨ। | ਤਿਤਲੀਆਂ ਰੁੱਖਾਂ, ਉੱਚੇ ਘਾਹ ਅਤੇ ਚੱਟਾਨਾਂ ਵਿੱਚ ਪਨਾਹ ਲੈਂਦੀਆਂ ਹਨ। ਉਹ ਕਈ ਵਾਰ ਰੁੱਖਾਂ ਦੀ ਛਿੱਲ ਵਿੱਚ ਛੇਕਾਂ ਵਿੱਚ ਪਨਾਹ ਲੈਂਦੇ ਹਨ, ਜਿਸ ਲਈ ਹਵਾ ਤੋਂ ਸੁਰੱਖਿਆ ਦੀ ਲੋੜ ਹੁੰਦੀ ਹੈ। |
| **ਹੋਰ ਸੂਚਨਾ:** ਕਈ ਵਾਰ ਤਿਤਲੀਆਂ ਗਿੱਲੀ ਮਿੱਟੀ ਉੱਤੇ ਸਮੂਹਾਂ ਵਿੱਚ ਇਕੱਠੀਆਂ ਹੁੰਦੀਆਂ ਹਨ | | | |

© NCERT not to be republished

| ਗਿੱਲਹਿਰੀਆਂ | | | |
|---|---|---|---|
| ਇਹ ਅਜਿਹੇ ਖੁੱਲ੍ਹੇ ਸਥਾਨਾਂ ਵਿੱਚ ਪਾਈਆਂ ਜਾਂਦੀਆਂ ਹਨ ਜਿੱਥੇ ਬਹੁਤ ਸਾਰੇ ਦਰੱਖ਼ਤ ਹੁੰਦੇ ਹਨ। | ਫਲ, ਸੁੱਕੇ ਮੇਵੇ, ਬੀਜ, ਹੋਰ ਜੀਵ ਅਤੇ ਪੌਦੇ। | ਇਨ੍ਹਾਂ ਨੂੰ ਘੱਟ ਮਾਤਰਾ ਵਿੱਚ ਪਾਣੀ ਦੀ ਲੋੜ ਹੁੰਦੀ ਹੈ। | ਇਹ ਦਰੱਖ਼ਤਾਂ 'ਤੇ ਉੱਚੇ ਤਣੇ ਦੇ ਨੇੜੇ ਜਾਂ ਟਾਹਣੀਆਂ ਦੇ ਝੁਰਮਟ ਵਿੱਚ ਆਲ੍ਹਣਾ ਬਣਾਉਂਦੀਆਂ ਹਨ। |
| **ਹੋਰ ਸੂਚਨਾ** - ਗਿੱਲਹਿਰੀਆਂ ਅਕਸਰ ਇਕੱਲੀਆਂ ਘੁੰਮਦੀਆਂ ਹੋਈਆਂ ਵੇਖੀਆਂ ਜਾਂਦੀਆਂ ਹਨ। | | | |

## ਕੀ ਤੁਸੀਂ ਜਾਣਦੇ ਹੋ?

1. ਕੁੱਝ ਪੰਛੀ ਜਿਵੇਂ ਚਿੜੀਆਂ ਆਪਣੇ ਖੰਭਾਂ ਨੂੰ ਸੁੱਕੀ ਮਿੱਟੀ ਜਾਂ ਰੇਤ ਨਾਲ਼ ਰਗੜਦੀਆਂ ਹਨ ਜਦੋਂ ਕਿ ਆਪਣੇ ਸਰੀਰ ਨੂੰ ਜ਼ੋਰ ਨਾਲ਼ ਹਿਲਾਉਂਦੀਆਂ ਹਨ ਅਤੇ ਆਪਣੇ ਖੰਭਾਂ ਫੜਫੜਾ ਕੇ ਉਨ੍ਹਾਂ ਨੂੰ ਸੁੱਕੀ ਮਿੱਟੀ ਜਾਂ ਰੇਤ ਨਾਲ਼ ਰਗੜਦੇ ਹਨ। ਇਸ ਨਾਲ਼ ਧੂੜ ਉੱਡਦੀ ਹੈ ਅਤੇ ਫਿਰ ਆਪਣੇ ਖੰਭਾਂ ਵਿੱਚੋਂ ਡਿੱਗ ਜਾਂਦੀ ਹੈ। ਪੰਛੀ ਆਪਣੇ ਖੰਭਾਂ ਵਿੱਚ ਦਾਖਲ ਹੋਏ ਕਿਸੇ ਵੀ ਛੋਟੇ ਕੀੜੇ ਨੂੰ ਹਟਾਉਣ ਅਤੇ ਆਪਣੀ ਚਮੜੀ ਨੂੰ ਸਾਫ਼ ਕਰਨ ਲਈ ਅਜਿਹਾ ਕਰਦੇ ਹਨ। ਇਸ ਨੂੰ *ਡਸਟਬਾਥਿੰਗ* ਕਿਹਾ ਜਾਂਦਾ ਹੈ (ਚਿੱਤਰ 2.10 ਕ)।

2. ਪੰਛੀ ਆਪਣੇ ਸਰੀਰ ਨੂੰ ਹਿਲਾ ਕੇ ਅਤੇ ਆਪਣੇ ਖੰਭਾਂ ਨੂੰ ਫੜਫੜਾ ਕੇ ਇਸੇ ਤਰ੍ਹਾਂ ਪਾਣੀ ਨਾਲ਼ ਨਹਾਉਂਦੇ ਹਨ। ਅਜਿਹਾ ਕਰਨ ਵਿੱਚ ਖੁਸ਼ ਹੁੰਦੇ ਹਨ। ਉਹ ਆਪਣੇ ਖੰਭਾਂ ਨੂੰ ਸਾਫ਼ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਅਜਿਹਾ ਕਰਦੇ ਹਨ ਕਿ ਉਹ ਉਡਾਣ ਲਈ ਚੰਗੀ ਤਰ੍ਹਾਂ ਬਣਾਈ ਰੱਖੇ ਗਏ ਹਨ (ਚਿੱਤਰ 2.10 ਖ)।
3. ਤਿਤਲੀਆਂ ਟੋਇਆਂ, ਗਿੱਲੀ ਮਿੱਟੀ ਦੇ ਬੂੰਦਾਂ ਦੇ ਦੁਆਲ਼ੇ ਵੀ ਇਕੱਠੀਆਂ ਹੁੰਦੀਆਂ ਹਨ। ਇਸ ਨੂੰ ਚਿੱਕੜ ਇਸ਼ਨਾਨ (Mud-Puddling) (ਚਿੱਤਰ 2.10 ਗ) ਵਜੋਂ ਜਾਣਿਆ ਜਾਂਦਾ ਹੈ। ਉਹ ਪੌਸ਼ਟਿਕ ਤੱਤਾਂ ਅਤੇ ਪਾਣੀ ਨੂੰ ਜਜ਼ਬ ਕਰਨ ਲਈ ਅਜਿਹਾ ਕਰਦੇ ਹਨ।



(ਕ) (ਖ) (ਗ)

**ਚਿੱਤਰ 2.10:** *(ਕ) ਧੂੜ ਨਾਲ਼ ਨਹਾਉਣਾ (ਖ) ਪਾਣੀ ਨਾਲ਼ ਨਹਾਉਣਾ (ਗ) ਚਿੱਕੜ*

© NCERT not to be republished

## ਗਤੀਵਿਧੀ 5: ਰਿਹਾਇਸ਼ੀ ਬਾਗ਼ ਨੂੰ ਡਿਜ਼ਾਈਨ ਕਰਨਾ

ਇੱਕ ਰਿਹਾਇਸ਼ੀ ਬਾਗ਼ ਤਿਆਰ ਕਰਦੇ ਸਮੇਂ ਇੱਕ ਸਪਸ਼ਟ ਯੋਜਨਾ ਦਾ ਹੋਣਾ ਬਹੁਤ ਜ਼ਰੂਰੀ ਹੈ, ਕਿਉਂਕਿ ਇਹ ਸਥਾਨ ਦੀ ਬਣਤਰ, ਬਾਗ਼ ਕਿੱਥੇ ਬਣਾਇਆ ਜਾਣਾ ਹੈ, ਕੀ ਜੋੜਨਾ ਹੈ, ਕਿੱਥੇ ਜੋੜਨਾ ਹੈ ਅਤੇ ਇਸ ਦੀ ਸੰਭਾਲ ਕਿਵੇਂ ਕਰਨੀ ਹੈ — ਇਨ੍ਹਾਂ ਸਭ ਗੱਲਾਂ ਵਿੱਚ ਮਦਦ ਕਰਦੀ ਹੈ।

ਕੁੱਝ ਪ੍ਰਸ਼ਨ ਜੋ ਰਿਹਾਇਸ਼ੀ ਬਾਗ਼ ਦੀ ਯੋਜਨਾ ਬਣਾਉਣ ਵਿੱਚ ਮਦਦ ਕਰਨਗੇ। ਕਿਰਪਾ ਕਰਕੇ ਆਪਣੇ ਬਾਗ਼ ਨੂੰ ਡਿਜ਼ਾਈਨ ਕਰਦੇ ਸਮੇਂ ਸਾਰਣੀ 2.2 ਵਿੱਚ ਜੋ ਤੁਸੀਂ ਦਰਜ ਕੀਤਾ ਹੈ ਉਸ ਨੂੰ ਧਿਆਨ ਵਿੱਚ ਰੱਖੋ।

1. ਤੁਸੀਂ ਰਿਹਾਇਸ਼ੀ ਬਾਗ਼ ਕਿੱਥੇ ਬਣਾਓਗੇ (ਉਦਾਹਰਣ ਵਜੋਂ, ਸਕੂਲ ਦੇ ਮੈਦਾਨਾਂ ਜਾਂ ਬਾਲਕੋਨੀ ਛੱਤ 'ਤੇ ਖੁੱਲ੍ਹੀ ਜਗ੍ਹਾ)?

   ...................................................................................................

   ...................................................................................................

   ...................................................................................................

2. ਇਸ ਸਥਾਨ ਨੂੰ ਦਿਨ ਦੌਰਾਨ ਕਿੰਨੀ ਧੁੱਪ ਮਿਲ਼ਦੀ ਹੈ? (ਉਦਾਹਰਨ ਲਈ, ਕੀ ਪੂਰੇ ਖੇਤਰ ਨੂੰ ਪੂਰੀ ਧੁੱਪ ਮਿਲ਼ ਦੀ ਹੈ ਜਾਂ ਕੁਝ ਹਿੱਸੇ ਛਾਂ ਰਹਿੰਦੀ ਹੈ। ਇਸ ਨੂੰ ਕਿੰਨੇ ਘੰਟੇ ਸਿੱਧੀ ਧੁੱਪ ਮਿਲ਼ਦੀ ਹੈ?)

   ...................................................................................................

   ...................................................................................................

   ...................................................................................................

3. ਤੁਹਾਡੇ ਰਿਹਾਇਸ਼ੀ ਬਾਗ਼ ਵੱਲ ਜੀਵਾਂ ਨੂੰ ਆਕਰਸ਼ਿਤ ਕਰਨ ਲਈ ਕਿਹੜੇ ਖਾਸ ਤੱਤਾਂ ਦੀ ਜ਼ਰੂਰਤ ਹੈ? ਫੁੱਲਦਾਰ ਪੌਦੇ, ਧੁੱਪ ਵਾਲੇ ਸਥਾਨਾਂ ਵਿੱਚ ਪੱਥਰ, ਤਿਤਲੀਆਂ ਲਈ ਹਵਾ ਰੋਕਣ ਵਾਲੇ ਪੌਦੇ, ਬਾਗ਼ ਦੇ ਨਲਕੇ ਹੇਠਾਂ ਪਾਣੀ ਇਕੱਠਾ ਹੋਣਾ ਆਦਿ ਵਿਸ਼ੇਸ਼ਤਾਵਾਂ ਬਾਰੇ ਸੋਚੋ।

   ...................................................................................................

   ...................................................................................................

   ...................................................................................................

ਬਾਗ਼ ਦੇ ਆਲ਼ੇ-ਦੁਆਲ਼ੇ ਦਰੱਖਤ ਜਾਂ ਝਾੜੀਆਂ ਲਗਾਉਣਾ ਚੰਗਾ ਹੁੰਦਾ ਹੈ ਕਿਉਂਕਿ ਉਹ ਕੁਦਰਤੀ ਹਵਾ ਨੂੰ ਰੋਕਣ ਦਾ ਦਾ ਕੰਮ ਕਰਦੀਆਂ ਹਨ (ਦਰੱਖ਼ਤਾਂ ਦੀ ਕਤਾਰ, ਬਾੜ, ਦੀਵਾਰ ਜਾਂ ਪਰਦਾ ਜੋ ਹਵਾ ਤੋਂ ਆਸਰਾ ਜਾਂ ਸੁਰੱਖਿਆ ਪ੍ਰਦਾਨ ਕਰਦਾ ਹੈ)। ਇਹ ਜੀਵਾਂ ਲਈ ਨਿਵਾਸ-ਸਥਾਨ ਵਜੋਂ ਵੀ ਕੰਮ ਕਰਦੀਆਂ ਹਨ।

ਬਾਗ਼ਨੂੰ ਛੱਤ 'ਤੇ ਦੀਵਾਰਾਂ ਦੇ ਕਿਨਾਰਿਆਂ ਦੇ ਨੇੜੇ ਗਮਲਿਆਂ ਵਿੱਚ ਵੀ ਵਿਕਸਿਤ ਕੀਤਾ ਜਾ ਸਕਦਾ ਹੈ। ਇਹ ਵਿਧੀ ਵੀ ਹਵਾ-ਰੋਕ ਵਜੋਂ ਕੰਮ ਕਰੇਗੀ।

ਜੀਵਾਂ ਨੂੰ ਆਰਾਮ ਕਰਨ ਲਈ ਬਾਗ਼ ਨੂੰ ਕਿਸੇ ਸ਼ਾਂਤ ਸਥਾਨ 'ਤੇ ਸਥਾਪਿਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ, ਅਰਥਾਤ ਇਹ ਮਨੁੱਖੀ ਗਤੀਵਿਧੀਆਂ ਤੋਂ ਦੂਰ ਹੋਣਾ ਚਾਹੀਦਾ ਹੈ।

© NCERT not to be republished

4. ਕੀ ਇਨ੍ਹਾਂ ਵਿੱਚੋਂ ਕੋਈ ਵੀ ਸੁਵਿਧਾ ਸਕੂਲ ਵਿੱਚ ਪਹਿਲਾਂ ਤੋਂ ਮੌਜੂਦ ਹੈ? ਜੇ ਹਾਂ, ਤਾਂ ਉਹ ਕਿਹੜੀ-ਕਿਹੜੀ ਹੈ?

.......................................................................................................

.......................................................................................................

.............................................................................

5. ਕੀ ਕੋਈ ਹੋਰ ਪਹਿਲੂ ਹਨ ਜਿਨ੍ਹਾਂ ਬਾਰੇ ਚਰਚਾ ਕਰਨ ਦੀ ਜ਼ਰੂਰਤ ਹੈ?

.......................................................................................................

.......................................................................................................

............................................................................

6. ਅਜਿਹੇ ਕਿਹੜੇ ਮੌਸਮੀ ਫੁੱਲਾਂ ਵਾਲੇ ਪੌਦੇ ਲਗਾਉਣ ਦੀ ਜ਼ਰੂਰਤ ਹੈ ਜੋ ਜੀਵਾਂ, ਪੰਛੀਆਂ ਅਤੇ ਕੀੜੇ-ਮਕੌੜਿਆਂ ਨੂੰ ਤੁਹਾਡੇ ਰਿਹਾਇਸ਼ੀ ਬਾਗ਼ ਵੱਲ ਆਕਰਸ਼ਿਤ ਕਰਨ?

.......................................................................................................

.......................................................................................................

.............................................................................

7. ਤੁਸੀਂ ਇਹ ਕਿਵੇਂ ਯਕੀਨੀ ਬਣਾਵੋਗੇ ਕਿ ਤੁਸੀਂ ਆਪਣੇ ਬਾਗ਼ਨੂੰ ਪਾਣੀ ਦਿੰਦੇ ਹੋਏ, ਜੀਵਾਂ ਨੂੰ ਪਰੇਸ਼ਾਨ ਨਾ ਕਰੋ? ਉਦਾਹਰਣ (ਜਿਵੇਂ ਕਿ ਰੇਤ ਜਾਂ ਇੱਟਾਂ ਦਾ ਇੱਕ ਪੈਦਲ ਮਾਰਗ, ਬਾਗ਼ਦੇ ਇੱਕ ਕੋਨੇ ਵਿੱਚ ਚਿੱਕੜ ਦੇ ਟੋਏ ਆਦਿ)

.......................................................................................................

.......................................................................................................

......................................................................................................



**ਚਿੱਤਰ 2.11:** *ਇੱਕ ਰਿਹਾਇਸ਼ੀ ਬਾਗ਼ ਬਣ ਰਿਹਾ ਹੈ*

© NCERT not to be republished

ਸਾਰੇ ਮੁੱਖ ਜ਼ਰੂਰੀ ਤੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਰਿਹਾਇਸ਼ੀ ਬਾਗ਼ ਦੀ ਇੱਕ ਰੂਪ-ਰੇਖਾ ਬਣਾਓ। ਆਪਣੇ ਬਾਗ਼ ਵਿੱਚ ਡਸਟਬਾਥਿੰਗ, ਧੂਪ, ਇਸ਼ਨਾਨ ਲਈ ਪਾਣੀ, ਭੋਜਨ ਲਈ ਭਾਂਡਾ ਅਤੇ ਆਪਣੇ ਬਾਗ਼ ਵਿੱਚ ਸਾਰੇ ਪੌਦੇ ਅਤੇ ਗ਼ੈਰ-ਪੌਦੇ ਤੱਤ ਸ਼ਾਮਲ ਕਰੋ। ਇਹ ਦ੍ਰਿਸ਼ ਯੋਜਨਾ ਤੁਹਾਨੂੰ ਨਿਵਾਸ ਸਥਾਨ ਬਾਗ਼ ਬਣਾਉਣ ਲਈ ਇੱਕ ਮਾਰਗਦਰਸ਼ਨ ਵਜੋਂ ਸਹਾਇਤਾ ਕਰੇਗੀ (ਚਿੱਤਰ 2.11)।

© NCERT not to be republished

ਗਤੀਵਿਧੀ 1 ਦਾ ਹਵਾਲਾ ਲਓ, ਜਿੱਥੇ ਤੁਸੀਂ ਆਪਣੇ ਨਿਵਾਸ ਸਥਾਨ ਦੇ ਬਾਗ਼ ਵਿੱਚ ਕੁਝ ਜਾਨਵਰਾਂ ਦੀ ਪਛਾਣ ਕੀਤੀ ਸੀ ਜਿੰਨ੍ਹਾਂ ਨੂੰ ਤੁਸੀਂ ਰੱਖਣਾ ਨਹੀਂ ਚਾਹੁੰਦੇ। ਤੁਸੀਂ ਇਸ ਲਈ ਕੀ ਕਰ ਸਕਦੇ ਹੋ ਕਿ ਉਹ ਤੁਹਾਡੇ ਬਾਗ਼ ਵੱਲ ਆਕਰਸ਼ਿਤ ਨਾ ਹੋਣ (ਉਦਾਹਰਣ ਵਜੋਂ, ਇਹ ਸੁਨਿਸ਼ਚਿਤ ਕਰੋ ਕਿ ਮੱਛਰਾਂ ਆਉਣ ਤੋਂ ਰੋਕਣ ਲਈ ਕਿਤੇ ਵੀ ਪਾਣੀ ਨਾ ਠਹਿਰਿਆ ਹੋਇਆ ਹੋਵੇ, ਲੱਕੜ ਦੇ ਢੇਰ ਅਤੇ ਅਣਉਪਯੋਗੀ ਬਕਸਿਆਂ ਨੂੰ ਹਟਾ ਕੇ ਜਗ੍ਹਾਂ ਨੂੰ ਸਾਫ਼ ਰੱਖੋ, ਜਿੱਥੇ ਸੱਪਾਂ ਦੇ ਲੁੱਕਣ ਦੀ ਸੰਭਾਵਨਾ ਹੁੰਦੀ ਹੈ ਇਸ ਦੇ ਨਾਲ਼ ਕੁਦਰਤੀ ਰੁਕਾਵਟਾਂ ਦੀ ਵਰਤੋਂ ਕਰੋ)।

**ਨਿਵਾਸ ਸਥਾਨਾਂ ਦਾ ਅਨੁਕਰਣ**

1. **ਪੰਛੀਆਂ ਲਈ ਆਲ੍ਹਣੇ ਬਣਾਉਣ ਵਾਲੇ ਡੱਬੇ:** ਤੁਸੀਂ 'ਆਲ੍ਹਣੇ ਬਣਾਉਣ ਵਾਲੇ ਡੱਬੇ' ਦੇਖੇ ਹੋਣਗੇ, ਇਹ ਵੱਖ-ਵੱਖ ਆਕਾਰ ਦੇ ਹੁੰਦੇ ਹਨ ਜਿਨ੍ਹਾਂ ਵਿੱਚ ਪੰਛੀ ਆਲ੍ਹਣੇ ਬਣਾ ਸਕਦੇ ਹਨ। ਤੁਸੀਂ ਆਪਣੇ ਅਧਿਆਪਕ ਦੀ ਮਦਦ ਨਾਲ਼ ਰਹਿੰਦ-ਖੂੰਹਦ ਲੱਕੜ ਦੀ ਪਲਾਈ ਜਾਂ ਬਾਂਸ ਦੀ ਵਰਤੋਂ ਕਰਕੇ ਇਹ ਬਣਾ ਸਕਦੇ ਹੋ। ਆਲਣੇ ਦੇ ਮੂੰਹ ਦਾ ਆਕਾਰ ਉਹਨਾਂ ਪੰਛੀਆਂ ਜਿੰਨ੍ਹਾਂ ਹੋਣਾ ਚਾਹੀਦਾ ਹੈ ਜਿਨ੍ਹਾਂ ਦੀ ਤੁਸੀਂ ਉਮੀਦ ਕਰਦੇ ਹੋ (ਉਦਾਹਰਣ ਵਜੋਂ, ਚਿੜੀਆਂ ਲਈ ਛੋਟਾ, ਉੱਲੂ ਲਈ ਵੱਡਾ)।

   ਇਸੇ ਤਰ੍ਹਾਂ, ਮਨੁੱਖਾਂ ਵਲੋਂ ਰੱਖੇ ਪਾਣੀ ਨਾਲ਼ ਭਰੇ ਪਿਆਲੇ ਤੁਸੀਂ ਪੰਛੀਆਂ ਨੂੰ ਪਾਣੀ ਪੀਂਦੇ ਅਤੇ ਨਹਾਉਂਦੇ ਵੇਖਿਆ ਹੋਵੇਗਾ। ਤੁਸੀਂ ਪੰਛੀਆਂ ਦੇ ਪਾਣੀ ਲਈ ਕਿਸੇ ਵੀ ਖਾਲੀ ਡੱਬੇ ਦੀ ਵਰਤੋਂ ਕਰ ਸਕਦੇ ਹੋ। ਸਿਰਫ਼ ਉਹਨਾਂ ਨੂੰ ਉਚਾਈ 'ਤੇ ਰੱਖਣਾ ਚਾਹੀਦਾ ਹੈ ਤਾਂ ਜੋ ਉਹ ਬਿੱਲੀਆਂ ਜਾਂ ਕੁੱਤਿਆਂ ਤੋਂ ਸੁਰੱਖਿਅਤ ਰਹੇ।

2. **ਤਿਤਲੀਆਂ ਲਈ ਟੋਇਆ ਅਤੇ ਫੀਡਰ:** ਤਿਤਲੀਆਂ ਲਈ ਬਹੁਤ ਡੂੰਘਾ ਪਾਣੀ ਸੁਵਿਧਾਜਨਕ ਨਹੀਂ ਹੁੰਦਾ। ਇਸ ਲਈ ਤੁਸੀਂ ਪਾਣੀ ਦੇ ਬਰਤਨ ਨੂੰ ਪੱਥਰਾਂ, ਕੰਕਰਾਂ ਅਤੇ ਰੇਤ ਨਾਲ਼ ਭਰ ਸਕਦੇ ਹੋ। ਪੋਸ਼ਕ ਤੱਤਾਂ ਲਈ ਪਾਣੀ ਵਿੱਚ ਇੱਕ ਚੁਟਕੀ ਨਮਕ ਅਤੇ ਥੋੜ੍ਹੀ ਖਾਦ ਮਿਲ਼ਾਈ ਜਾ ਸਕਦੀ ਹੈ। ਇਹ ਯਕੀਨੀ ਬਣਾਓ ਕਿ ਟੋਏ ਵਿੱਚ ਹਮੇਸ਼ਾ ਨਮੀ ਬਣੀ ਰਹੇ।

   ਪੰਛੀਆਂ ਦੇ ਆਹਾਰ-ਪਾਤਰ ਵਾਂਗ ਤਿਤਲੀਆਂ ਲਈ ਵੀ ਛੋਟਾ ਆਹਾਰ-ਪਾਤਰ ਬਣਾਇਆ ਜਾ ਸਕਦਾ ਹੈ। ਦੋਵੇਂ ਉੱਚਾਈ 'ਤੇ ਹੋਣੇ ਚਾਹੀਦੇ ਹਨ, ਪਰ ਤਿਤਲੀਆਂ ਲਈ ਪਾਤਰ ਛੋਟਾ ਹੋਵੇ। ਪੰਛੀਆਂ ਲਈ ਅਨਾਜ ਅਤੇ ਬੀਜ ਰੱਖੇ ਜਾ ਸਕਦੇ ਹਨ।, ਤਿਤਲੀਆਂ ਲਈ ਸੜੇ ਹੋਏ ਫਲ ਜਾਂ ਚਾਸ਼ਨੀ ਵਿੱਚ ਭਿੱਜਿਆ ਹੋਇਆ ਸਪੋਂਜ ਰੱਖਿਆ ਜਾ ਸਕਦਾ ਹੈ।।

   ਤਿਤਲੀਆਂ ਦੇ ਆਸਰੇ ਲਈ ਤੁਸੀਂ ਸੰਕਰੇ ਅਤੇ ਲੰਮੇ ਲੱਕੜੀ ਦੇ ਡੱਬੇ ਤਿਆਰ ਕਰ ਸਕਦੇ ਹੋ, ਜਿਨ੍ਹਾਂ ਵਿੱਚ ਛੋਟੇ ਛੇਦ ਜਾਂ ਸੰਕਰੇ ਚਿਰ ਹੋਣ। ਇਸ ਨਾਲ਼ ਤਿਤਲੀਆਂ ਅੰਦਰ ਜਾ ਸਕਣਗੀਆਂ ਪਰ ਹੋਰ ਪੰਛੀ ਨਹੀਂ। ਇਹ ਡੱਬੇ ਤੇਜ਼ ਹਵਾ ਤੋਂ ਬਚੇ ਹੋਏ ਅਤੇ ਜ਼ਮੀਨ ਤੋਂ ਉੱਪਰ ਸੁਰੱਖਿਅਤ ਸਥਾਨ 'ਤੇ ਰੱਖਣੇ ਚਾਹੀਦੇ ਹਨ।

3. **ਲਾਹੇਵੰਦ ਕੀੜੇ-ਮਕੌੜਿਆਂ ਲਈ ਪਨਾਹ:** ਲੇਡੀਬੱਗ ਅਤੇ ਅਤੇ ਭੰਗ ਵਰਗੇ ਕੀਟਾਂ ਲਈ ਤੁਸੀਂ ਲੱਕੜ ਦੇ ਲੱਠੇ, ਪੂਆਲ, ਚੀੜ ਦੇ ਸ਼ੰਕੂ ਅਤੇ ਇੱਟਾਂ ਵਰਗੀਆਂ ਕੁਦਰਤੀ ਸਮੱਗਰੀਆਂ ਨਾਲ਼ ਇੱਕ ਪਨਾਹ ਬਣਾ ਸਕਦੇ ਹੋ। ਇਹਨਾਂ ਸਮੱਗਰੀਆਂ ਨੂੰ ਸਿਰਫ਼ ਇੱਕ ਲੱਕੜ ਦੇ ਫਰੇਮ ਜਾਂ ਟੋਕਰੇ ਦੇ ਅੰਦਰ ਪਰਤਾਂ ਵਿੱਚ ਪਰਤਾਂ ਵਿੱਚ ਰੱਖੋ। ਇਹ ਸੁਨਿਸ਼ਚਿਤ ਕਰੋ ਕਿ ਕੀੜੇ-ਮਕੌੜਿਆਂ ਦੇ ਆਲ੍ਹਣੇ ਲਈ ਨੇੜੇ-ਨੇੜੇ ਛੋਟੇ ਛੇਕ ਬਣੇ ਹੋਣ। ਜੇ ਇਹ ਆਲ੍ਹਣੇ ਸਕੂਲ ਵਿੱਚ ਬਣਾਏ ਜਾਣ, ਤਾਂ ਇਨ੍ਹਾਂ ਨੂੰ ਫੁੱਲਦਾਰ ਪੌਦਿਆਂ ਜਾਂ ਖਾਦ ਦੇ ਗੱਡੇ ਦੇ ਨੇੜੇ ਰੱਖਿਆ ਜਾ ਸਕਦਾ ਹੈ।

   ਲੱਕੜ ਦੇ ਲੱਠੇ, ਦਰੱਖ਼ਤ ਦੀਆਂ ਸੁੱਕੀਆਂ ਟਾਹਣੀਆਂ ਅਤੇ ਸੁੱਕੇ ਪੱਤਿਆਂ ਵਾਲੀ ਖਾਦ ਦਾ ਢੇਰ ਭੰਗ, ਚੀਟੀਆਂ ਅਤੇ ਇਸੇ ਤਰ੍ਹਾਂ ਦੇ ਕੀਟਾਂ ਨੂੰ ਆਕਰਸ਼ਿਤ ਕਰਦੇ ਹਨ। ਇਨ੍ਹਾਂ ਨੂੰ ਰਿਹਾਇਸ਼ੀ ਬਾਗ਼ ਦੇ ਕੋਨੇ ਵਿੱਚ ਰੱਖਿਆ ਜਾ ਸਕਦਾ ਹੈ।

## ਗਤੀਵਿਧੀ 6: ਰਿਹਾਇਸ਼ੀ ਬਾਗ਼ ਦਾ ਨਿਰਮਾਣ

ਹੁਣ ਜਦੋਂ ਡਿਜ਼ਾਈਨ ਤਿਆਰ ਹੋ ਚੁੱਕਾ ਹੈ, ਤਾਂ ਰਿਹਾਇਸ਼ੀ ਬਾਗ਼ ਲਗਾਉਣਾ ਸ਼ੁਰੂ ਕਰੋ!

ਰਿਹਾਇਸ਼ੀ ਬਾਗ਼ ਬਣਾਉਣ ਲਈ ਹੇਠ ਲਿਖੇ ਕਦਮਾਂ ਦੀ ਪਾਲਣਾ ਕਰੋ-

1. ਆਪਣੇ ਦੁਆਰਾ ਚੁਣੇ ਗਏ ਖੇਤਰ ਨੂੰ ਚਿੰਨ੍ਹਿਤ ਕਰੋ। ਜੇ ਜ਼ਮੀਨ ਉਪਲਬਧ ਨਹੀਂ ਹੈ, ਤਾਂ ਗਮਲੇ ਲਗਾਉਣ ਲਈ ਡੱਬਿਆਂ ਦਾ ਵੀ ਉਪਯੋਗ ਕੀਤਾ ਜਾ ਸਕਦਾ ਹੈ।

© NCERT not to be republished

2. ਚੁਣੇ ਹੋਏ ਖੇਤਰ ਨੂੰ ਸਾਫ਼ ਕਰਨ ਲਈ ਪਹਿਲਾਂ ਅਣਚਾਹੇ ਪੌਦਿਆਂ, ਮਲਬੇ, ਪੱਥਰ ਆਦਿ ਨੂੰ ਹਟਾਓ।
3. ਬਾਗ਼ ਦੀ ਸੀਮਾ ਨੂੰ ਚੂਨੇ ਦੇ ਪਾਊਡਰ ਨਾਲ਼ ਚਿੰਨ੍ਹਿਤ ਕਰੋ। ਜਿੰਨੇ ਸੰਭਵ ਹੋ ਸਕੇ ਵੱਧ ਤੋਂ ਵੱਧ ਰੁੱਖ ਜਾਂ ਝਾੜੀਆਂ ਸ਼ਾਮਲ ਕਰੋ।
4. ਲੇਆਉਟ ਅਨੁਸਾਰ ਖੇਤਰਾਂ ਨੂੰ ਚਿੰਨ੍ਹਿਤ ਕਰੋ।
5. ਮਿੱਟੀ ਪੁੱਟੋ ਅਤੇ ਢਿੱਲਾ ਕਰੋ, ਟੋਏ ਬਣਾਓ ਅਤੇ ਖਾਦ ਪਾਓ (ਹਰੇਕ 100 ਵਰਗ ਮੀਟਰ ਵਿੱਚਕਾਰ ਕਿਆਰੀਆਂ ਬਣਾਉਣ ਲਈ 20 ਤੋਂ 30 ਕਿਲੋਗ੍ਰਾਮ ਖਾਦ)। ਜੇ ਤੁਸੀਂ ਭਾਂਡਿਆਂ ਦੀ ਵਰਤੋਂ ਕਰ ਰਹੇ ਹੋ, ਤਾਂ 2 ਦੇ ਹਿੱਸਾ ਨਾਲ਼ ਮਿੱਟੀ, 1 ਹਿੱਸਾ ਖਾਦ ਅਤੇ 1 ਹਿੱਸਾ ਸੁੱਕੇ ਪੱਤੇ ਜਾਂ ਕੋਕੋਪੀਟ ਨਾਲ਼ ਇੱਕ ਪੋਟਿੰਗ ਮਿਸ਼ਰਣ ਤਿਆਰ ਕਰੋ।

**ਚਿੱਤਰ 2.12:** *ਧੁੱਪ ਵਾਲੇ ਖੇਤਰ ਵਿੱਚ ਇੱਕ ਸਮਤਲ ਜ਼ਮੀਨ ਉੱਤੇ ਇੱਕ ਤਿਤਲੀ*

6. ਰਿਹਾਇਸ਼ੀ ਬਾਗ਼ਦੇ ਦੁਆਲੇ ਇੱਕ ਵਾੜ ਬਣਾਓ।

ਜਿਵੇਂ-ਜਿਵੇਂ ਤੁਹਾਡੇ ਬਾਗ਼ਵਿੱਚ ਵਾਧਾ ਹੁੰਦਾ ਹੈ, ਤੁਸੀਂ ਹੌਲ਼ੀ-ਹੌਲ਼ੀ ਗ਼ੈਰ-ਪੌਦੇ ਤੱਤ ਸ਼ਾਮਲ ਕਰ ਸਕਦੇ ਹੋ। ਕੁੱਝ ਉਦਾਹਰਣਾਂ ਚਿੱਤਰ 2.13 ਤੋਂ 2.16 ਵਿੱਚ ਦਿੱਤੀਆਂ ਗਈਆਂ ਹਨ।

© NCERT not to be republished



**ਚਿੱਤਰ 2.13:** *ਵੱਖ-ਵੱਖ ਕਿਸਮਾਂ ਦੀਆਂ ਸਮੱਗਰੀਆਂ ਜਿਵੇਂ ਕਿ ਬਾਂਸ ਦੀਆਂ ਸੋਟੀਆਂ, ਲੱਕੜ, ਵਰਤੀਆਂ ਹੋਈਆਂ ਬੋਤਲਾਂ ਆਦਿ ਨਾਲ਼ ਬਣੇ ਪੰਛੀਆਂ ਦੇ ਘਰ*




**ਚਿੱਤਰ 2.14:** *ਵਰਤੀ ਹੋਈ ਬੋਤਲ ਅਤੇ ਪੁਰਾਣੇ ਭਾਂਡੇ ਜਾਂ ਢੱਕਣ ਤੋਂ ਬਣੇ ਬਰਡ ਫੀਡਰ। ਬੋਤਲ ਵਿੱਚ ਪੰਛੀਆਂ ਦਾ ਭੋਜਨ ਭਰਿਆ ਹੁੰਦਾ ਹੈ, ਜੋ ਹੌਲ਼ੀ-ਹੌਲ਼ੀ ਪੰਛੀਆਂ ਦੇ ਖਾਣ ਨਾਲ਼ ਟਰੇ ਉੱਤੇ ਫੈਲਦਾ ਰਹਿੰਦਾ ਹੈ*




**ਚਿੱਤਰ 2.15:** *ਪੁਰਾਣੇ ਢੱਕਣਾਂ ਨਾਲ਼ ਬਣਿਆ ਤਿਤਲੀ ਦਾ ਫੀਡਰ, ਫਲਾਂ ਦੇ ਟੁਕੜਿਆਂ ਅਤੇ ਚਾਸ਼ਨੀ ਨਾਲ਼ ਬਣੇ ਤਿਤਲੀ ਲਈ ਭਾਂਡੇ ਉੱਤੇ ਰੱਖਿਆ ਜਾ ਸਕਦਾ ਹੈ*

**ਚਿੱਤਰ 2.16:** *ਲੰਬੀਆਂ ਸੋਟੀਆਂ ਅਤੇ ਰੱਸੀ ਨਾਲ਼ ਬਣਿਆ ਬਟਰਫਲਾਈ ਹਾਊਸ*

© NCERT not to be republished

ਤੁਹਾਡਾ ਰਿਹਾਇਸ਼ੀ ਬਾਗ਼ ਹੁਣ ਜੀਵਨ ਨਾਲ਼ ਭਰਪੂਰ ਹੋ ਰਿਹਾ ਹੈ। ਇਸ ਨੂੰ ਧਿਆਨ ਨਾਲ਼ ਤਿਆਰ ਕੀਤਾ ਹੈ ਜਿਸ ਦਾ ਪਾਲਣ-ਪੋਸ਼ਣ ਕਰਕੇ ਤੁਸੀਂ ਇੱਕ ਆਤਮ-ਨਿਰਭਰ ਵਾਤਾਵਰਣ ਬਣਾਇਆ ਹੈ ਜੋ ਇੱਕ ਕੁਦਰਤੀ ਨਿਵਾਸ ਸਥਾਨ ਵਰਗਾ ਹੈ। ਜਿਵੇਂ-ਜਿਵੇਂ ਪੌਦੇ ਵਧਦੇ ਅਤੇ ਖਿੜਦੇ ਹਨ, ਉਹ ਕੁਦਰਤੀ ਤੌਰ ਉੱਤੇ ਵੱਖ-ਵੱਖ ਕੀੜੇ-ਮਕੌੜਿਆਂ ਅਤੇ ਜਾਨਵਰਾਂ ਨੂੰ ਆਕਰਸ਼ਿਤ ਕਰਦੇ ਹਨ, ਇੱਕ ਸੰਤੁਲਿਤ ਵਾਤਾਵਰਣ ਪ੍ਰਣਾਲੀ ਬਣਾਉਂਦੇ ਹਨ।

ਫੁੱਲਾਂ ਵਾਲੇ ਪੌਦੇ ਤਿਤਲੀਆਂ ਅਤੇ ਛੋਟੇ ਪੰਛੀਆਂ ਨੂੰ ਆਕਰਸ਼ਿਤ ਕਰਦੇ ਹਨ, ਜਦੋਂ ਕਿ ਪੰਛੀ ਉਹਨਾਂ ਨੂੰ ਖਾ ਕੇ ਕੀੜੇ-ਮਕੌੜਿਆਂ ਦੀ ਆਬਾਦੀ ਨੂੰ ਨਿਯੰਤਰਿਤ ਕਰਨ ਵਿੱਚ ਸਹਾਇਤਾ ਕਰਦੇ ਹਨ। ਕੀੜੇ-ਮਕੌੜਿਆਂ ਦੀ ਮੌਜੂਦਗੀ ਮੱਕੜੀਆਂ, ਚਮਗਿੱਦੜ, ਕਿਰਲੀਆਂ ਅਤੇ ਕੀੜੇ-ਮਕੌੜਿਆਂ ਨੂੰ ਵੀ ਆਉਣ ਲਈ ਪ੍ਰੇਰਿਤ ਕਰਦੀਆਂ ਹਨ, ਜੋ "ਭੋਜਨ ਲੜੀ" ਵਿੱਚ ਆਪਣੀ ਭੂਮਿਕਾ ਨਿਭਾਉਂਦੇ ਹਨ। ਸਮੇਂ ਦੇ ਨਾਲ਼ ਇਹ ਛੋਟੇ ਜੀਵ ਵੱਡੇ ਪੰਛੀਆਂ ਨੂੰ ਆਕਰਸ਼ਿਤ ਕਰਦੇ ਹਨ, ਜੋ ਤੁਹਾਡੇ ਬਾਗ਼ ਦੀ ਜੈਵ ਵਿਭਿੰਨਤਾ ਵਿੱਚ ਵਾਧਾ ਕਰਨਗੇ।

ਤੁਹਾਡਾ ਰਿਹਾਇਸ਼ੀ ਬਾਗ਼ ਹੁਣ ਜੀਵਾਂ ਲਈ ਇੱਕ ਨਿਵਾਸ ਅਤੇ ਇੱਕ ਸੁੰਦਰ ਹਰੇ-ਭਰੇ ਵਾਤਾਵਰਣ ਦੀ ਦਿਸ਼ਾ ਵੱਲ ਇੱਕ ਮਹੱਤਵਪੂਰਣ ਕਦਮ ਹੈ।



**ਚਿੱਤਰ 2.17:** *ਸਕੂਲ ਵਿੱਚ ਇੱਕ ਆਲ੍ਹਣਾ ਅਤੇ ਇੱਕ ਪੰਛੀਆਂ ਲਈ ਰਿਹਾਇਸ਼ੀ ਬਾਗ਼*

## ਗਤੀਵਿਧੀ 7: ਰਿਹਾਇਸ਼ੀ ਬਾਗ਼ ਵਿੱਚ ਰਹਿਣ ਵਾਲੇ ਜੀਵਾਂ ਦਾ ਨਿਰੀਖਣ ਕਰਨਾ

ਆਪਣੇ ਨਿਵਾਸ ਸਥਾਨ ਦੇ ਬਾਗ਼ ਨੂੰ ਵੱਧਣ ਅਤੇ ਪ੍ਰਫੁੱਲਤ ਹੋਣ ਲਈ ਸਮਾਂ ਦਿਓ। ਇੱਕ ਵਾਰ ਜਦੋਂ ਇਹ ਪੂਰੀ ਤਰ੍ਹਾਂ ਵਿਕਸਤ ਹੋ ਜਾਂਦਾ ਹੈ, ਤਾਂ ਸਕੂਲ ਦੇ ਰਿਹਾਇਸ਼ੀ ਬਾਗ਼ ਵਿੱਚ ਰਹਿਣ ਵਾਲੇ ਵੱਖ-ਵੱਖ ਜੀਵਾਂ ਦਾ ਨਿਰੀਖਣ ਕਰੋ, ਜਿਵੇਂ ਕਿ ਤਿਤਲੀਆਂ, ਕੀੜੀਆਂ, ਛੋਟੇ ਪੰਛੀ, ਕਿਰਲੀਆਂ ਅਤੇ ਗਿੱਦੜ। ਆਪਣੇ ਨਿਰੀਖਣਾਂ ਨੂੰ ਲਿੱਖਣ ਲਈ ਸਮੂਹਾਂ ਵਿੱਚ ਕੰਮ ਕਰੋ।

1. ਪਾਣੀ ਦੇ ਸਰੋਤਾਂ ਅਤੇ ਖਾਣ ਵਾਲੇ ਖੇਤਰਾਂ ਦੇ ਆਲ਼ੇ-ਦੁਆਲ਼ੇ ਜੀਵਾਂ ਦੇ ਵਿਵਹਾਰ ਦਾ ਧਿਆਨ ਨਾਲ਼ ਨਿਰੀਖਣ ਅਤੇ ਦਰਜ ਕਰੋ।
2. ਯਾਦ ਰੱਖੋ ਕਿ ਤਿਤਲੀਆਂ ਅਤੇ ਪੰਛੀ ਸੂਰਜ ਚੜ੍ਹਨ ਅਤੇ ਸੂਰਜ ਡੁੱਬਣ ਦੌਰਾਨ ਸਭ ਤੋਂ ਵੱਧ ਕਿਰਿਆਸ਼ੀਲ ਹੁੰਦੇ ਹਨ, ਇਸ ਲਈ ਬਿਹਤਰ ਨਿਰੀਖਣਾਂ ਲਈ ਸਕੂਲ ਜਲਦੀ ਪਹੁੰਚਣ ਦੀ ਕੋਸ਼ਿਸ਼ ਕਰੋ।

3. ਜੇ ਸੰਭਵ ਹੋਵੇ, ਤਾਂ ਫੋਟੋਆਂ ਜਾਂ ਸਾਊਂਡ ਰਿਕਾਰਡਿੰਗ ਕਰੋ। ਤੁਸੀਂ ਜੀਵਾਂ ਦਾ ਸਕੈਚ ਵੀ ਬਣਾ ਸਕਦੇ ਹੋ ਜਾਂ ਆਪਣੇ ਨਿਰੀਖਣ ਕਰਨ ਲਈ ਫੋਟੋਆਂ ਸ਼ਾਮਲ ਕਰ ਸਕਦੇ ਹੋ।

ਤੁਸੀਂ ਹੇਠਾਂ ਦਿੱਤੀ ਸਾਰਣੀ 2.6 ਵਿੱਚ ਆਪਣੇ ਨਿਰੀਖਣਾਂ ਨੂੰ ਨੋਟ ਕਰ ਸਕਦੇ ਹੋ।

**ਸਾਰਣੀ 2.6: ਰਿਹਾਇਸ਼ੀ ਬਾਗ਼ ਵਿੱਚ ਆਉਣ ਵਾਲੇ ਸੈਲਾਨੀਆਂ ਦੇ ਨਿਰੀਖਣ ਰਿਕਾਰਡ**

| ਨਿਰੀਖਣ | ਮਿਤੀ | ਟਿੱਪਣੀਆਂ |
|---|---|---|
| ਕੀੜੇ<br>1. ............................<br>2. ............................<br>3. ............................<br>4. ............................<br>5. ............................<br>6. ............................ | 1. ..................<br>2. ..................<br>3. ..................<br>4. ..................<br>5. ..................<br>6. .................. | ਨਿਰਖਣ ਸੰਖਿਆ...................................ਕੀੜੇ ਦੀ ਅਵਸਥਾ(ਜਿਵੇਂ ਅੰਡੇ, ਲਾਰਵਾ, ਬਾਲਗ, ਆਦਿ)।.<br>..................................<br>ਤੁਸੀਂ ਇਸ ਨੂੰ ਕਿੱਥੇ ਦੇਖਿਆ?<br>.........................................................<br>ਕੀੜੇ-ਮਕੌੜਿਆਂ ਦੀ ਗਤੀਵਿਧੀ (ਜਿਵੇਂ ਕਿ ਭੋਜਨ ਖਾਣਾ,ਪਨਾਹ ਲੱਭਣਾ, ਨਹਾਉਣਾ, ਚਿੱਕੜ ਵਿੱਚ ਬੈਠਣਾ)<br>......................................................... |
| ਪੰਛੀ<br>1. ............................<br>2. ............................<br>3. ............................ | 1. ..................<br>2. ..................<br>3. .................. | ਨਿਰੀਖਣ ਸੰਖਿਆ ...................................<br>ਤੁਸੀਂ ਇਸ ਨਿਰੀਖਣ ਕਿੱਥੇ ਕੀਤਾ?<br>.........................................................<br>ਪੰਛੀਆਂ ਦੀ ਗਤੀਵਿਧੀ (ਜਿਵੇਂ ਕਿ ਖਾਣਾ, ਸ਼ਿਕਾਰ, ਪਨਾਹ ਮੰਗਣਾ, ਨਹਾਉਣਾ, ਟੋਏ ਵਿੱਚ ਬੈਠਣਾ)<br>......................................................... |
| ਛੋਟੇ ਥਣਧਾਰੀ ਜੀਵ<br>1. ............................<br>2. ............................<br>3. ............................ | 1. ..................<br>2. ..................<br>3. .................. | ਨਿਰਖਣ ਸੰਖਿਆ...............................ਤੁਸੀਂ ਇਸ ਨਿਰੀਖਣ ਕਿੱਥੇ ਕੀਤਾ? ..........................<br>..........................................<br>ਕੀੜੇ-ਮਕੌੜਿਆਂ ਦੀ ਗਤੀਵਿਧੀ (ਜਿਵੇਂ ਕਿ ਭੋਜਨ ਖਾਣਾ,ਪਨਾਹ ਲੱਭਣਾ, ਨਹਾਉਣਾ, ਚਿੱਕੜ ਵਿੱਚ ਬੈਠਣਾ)<br>......................................................... |

ਜੇ ਤੁਸੀਂ ਆਪਣੇ ਰਿਹਾਇਸ਼ੀ ਬਾਗ਼ ਨੂੰ ਦੇਖਣ ਬਹੁਤ ਸਾਰੇ ਸੈਲਾਨੀ ਆ ਰਹੇ ਹਨ ਤਾਂ ਇਹ ਸਲਾਘਾਯੋਗ ਹੁੰਦਾ ਹੈ! ਜੇ ਨਹੀਂ, ਤਾਂ ਨਿਰਾਸ਼ ਨਾ ਹੋਵੋ। ਤੁਹਾਨੂੰ ਸਬਰ ਰੱਖਣ ਦੀ ਜ਼ਰੂਰਤ ਹੈ, ਜੀਵਾਂ ਨੂੰ ਇਸ ਗੱਲ ਦਾ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦੀਆਂ ਜ਼ਰੂਰਤਾਂ ਪੂਰੀਆਂ ਹੋਣਗੀਆਂ। ਹੋ ਸਕਦਾ ਹੈ ਕਿ ਕੁਝ ਜਾਨਵਰ ਪਹਿਲਾਂ ਹੀ ਸਕੂਲ ਵਿੱਚ ਰਹਿ ਰਹੇ ਹੋਣ ਅਤੇ ਉਹ ਰਿਹਾਇਸ਼ੀ ਬਾਗ਼ ਦੀ ਵਰਤੋਂ ਕਰਨ ਦਾ ਫੈਸਲਾ ਕਰ ਸਕਦੇ ਹਨ। ਕੁੱਝ ਸਮਾਂ ਉਡੀਕ ਕਰੋ, ਮਾਹਰਾਂ ਨਾਲ਼ ਚਰਚਾ ਕਰੋ ਜ਼ਰੂਰਤ ਪੈਣ ਤੇ ਬਦਲੋ।

© NCERT not to be republished

## ਗਤੀਵਿਧੀ 8: ਰਿਹਾਇਸ਼ੀ ਬਾਗ਼ਦੀ ਸਾਂਭ-ਸੰਭਾਲ

ਰਿਹਾਇਸ਼ੀ ਬਾਗ਼ ਵਿਭਿੰਨ ਜੀਵਾਂ ਦੇ ਰਹਿਣ ਲਈ ਸਥਾਨ ਬਣ ਸਕਦਾ ਹੈ। ਇਸ ਵਿੱਚ ਪੌਦੇ, ਕੀੜੀਆਂ, ਕੀੜੇ-ਮਕੌੜੇ, ਪੰਛੀ, ਕਿਰਲੀਆਂ ਅਤੇ ਹੋਰ ਬਹੁਤ ਸਾਰੇ ਜੀਵ ਸ਼ਾਮਲ ਹਨ। ਆਪਣੇ ਨਿਵਾਸ ਸਥਾਨ ਦੇ ਬਾਗ਼ ਨੂੰ ਜੀਵਤ ਰੱਖਣ ਲਈ, ਤੁਹਾਨੂੰ ਇਸ ਨੂੰ ਨਿਯਮਿਤ ਤੌਰ 'ਤੇ ਦੇਖਭਾਲ਼ ਦੀ ਜ਼ਰੂਰਤ ਹੈ।

ਰਿਹਾਇਸ਼ੀ ਬਾਗ਼ ਦੀ ਦੇਖਭਾਲ਼ ਕਰਨਾ ਇਸ ਲਈ ਮਹੱਤਵਪੂਰਨ ਹੈ ਕਿ ਇਹ ਤੁਹਾਡੇ ਲੋੜੀਂਦੇ ਜੀਵਾਂ ਨੂੰ ਆਕਰਸ਼ਿਤ ਕਰਦਾ ਰਹੇ। ਤੁਹਾਨੂੰ ਪੌਦਿਆਂ ਦੀ ਦੇਖਭਾਲ਼ ਕਰਨ ਦੀ ਵੀ ਜ਼ਰੂਰਤ ਹੈ, ਇਹ ਸੁਨਿਸ਼ਚਿਤ ਕਰਨ ਦੀ ਜ਼ਰੂਰਤ ਹੈ ਕਿ ਇੱਥੇ ਕੋਈ ਅਣਚਾਹੇ ਜੀਵ ਦਾਖਲ ਨਾ ਹੋਣ। ਉਦਾਹਰਣ ਦੇ ਲਈ, ਤੁਹਾਨੂੰ ਪੌਦਿਆਂ ਨੂੰ ਪਾਣੀ ਦੀ ਜ਼ਰੂਰਤ ਹੈ, ਇਹ ਧਿਆਨ ਰੱਖੋ ਕਿ ਪਾਣੀ ਇੱਕਠਾ ਨਾ ਹੋਵੇ ਜਿਸ ਨਾਲ਼ ਮੱਛਰ ਆਉਣ ਦੀ ਸੰਭਾਵਨਾ ਹੋਵੇ, ਰਾਹ ਵਿੱਚ ਡਿੱਗੇ ਹੋਏ ਪੱਤੇ ਅਤੇ ਟਿਹਣੀਆਂ ਨੂੰ ਸਾਫ਼ ਕਰੋ (ਤੁਸੀਂ ਉਹਨਾਂ ਨੂੰ ਇਕੱਠਾ ਕਰ ਸਕਦੇ ਹੋ ਅਤੇ ਉਹਨਾਂ ਨੂੰ ਖਾਦ ਦੀ ਕਿਆਰੀਆਂ ਵਿੱਚ ਪਾ ਸਕਦੇ ਹੋ)। ਇਸ ਲਈ, ਤੁਹਾਨੂੰ ਰਿਹਾਇਸ਼ੀ ਬਾਗ਼ ਲਈ ਇੱਕ ਦੇਖਭਾਲ਼ ਲਈ ਕਾਰਜਕ੍ਰਮ ਤਿਆਰ ਕਰਨਾ ਚਾਹੀਦਾ ਹੈ। ਤੁਸੀਂ ਆਪਣੇ ਆਪ ਨੂੰ ਛੋਟੀਆਂ ਟੀਮਾਂ ਵਿੱਚ ਵੰਡ ਸਕਦੇ ਹੋ, ਕੰਮ ਨੂੰ ਵੰਡ ਸਕਦੇ ਹੋ। ਤੁਹਾਨੂੰ ਕਾਰਜ ਨੂੰ ਬਦਲਣਾ ਚਾਹੀਦਾ ਹੈ ਤਾਂ ਜੋ ਹਰ ਕਿਸੇ ਨੂੰ ਯੋਗਦਾਨ ਪਾਉਣ ਦਾ ਮੌਕਾ ਮਿਲ਼ੇ। ਤੁਸੀਂ ਇੱਕ ਦੇਖਭਾਲ਼ ਚਾਰਟ ਤਿਆਰ ਕਰ ਸਕਦੇ ਹੋ ਅਤੇ ਇੱਕ ਸੂਚੀ ਤਿਆਰ ਕਰ ਸਕਦੇ ਹੋ ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਕੰਮ ਸਮੇਂ ਸਿਰ ਕੀਤੇ ਗਏ ਹਨ। ਕੁੱਝ ਉਦਾਹਰਣਾਂ ਸਾਰਣੀ 2.7 ਵਿੱਚ ਦਿੱਤੀਆਂ ਗਈਆਂ ਹਨ, ਤੁਸੀਂ ਆਪਣੇ ਰਿਹਾਇਸ਼ੀ ਬਾਗ਼ ਦੇ ਅਨੁਸਾਰ ਹੋਰ ਜੋੜ ਸਕਦੇ ਹੋ।

**ਸਾਰਣੀ 2.7: ਰਿਹਾਇਸ਼ੀ ਬਾਗ਼ਲਈ ਰੱਖ-ਰਖਾਅ ਕਾਰਜਕ੍ਰਮ**

| ..................... ਮਹੀਨੇ ਦੀ ......................... ਹਫ਼ਤੇ ਦੀ ਸਮਾਂ-ਸਾਰਣੀ | | | | |
|---|---|---|---|---|
| **ਕਾਰਜ** | **ਜ਼ਿੰਮੇਵਾਰੀ** | **ਗਤੀਵਿਧੀ ਲਈ ਯੋਜਨਾਬੱਧ ਮਿਤੀ** | **ਕੀਤੀ ਗਈ ਗਤੀਵਿਧੀ ਦੀ ਮਿਤੀ** | **ਟਿੱਪਣੀਆਂ** |
| ਪੌਦਿਆਂ ਨੂੰ ਪਾਣੀ ਦੇਣਾ | | ਹਰ ਰੋਜ਼ | | |
| ਪਾਣੀ ਅਤੇ ਨਹਾਉਣ ਦੇ ਡੱਬਿਆਂ ਨੂੰ ਭਰਨਾ | | ਹਰ ਰੋਜ਼ | | |
| ਪੰਛੀ ਭੋਜਨ ਦੇ ਭਾਂਡੇ ਵਿੱਚ ਭੋਜਨ ਰੱਖੋ | | ਹਫ਼ਤੇ ਵਿੱਚ ਇੱਕ ਵਾਰ | | |
| ਜੰਗਲੀ ਬੂਟੀ | | ਮਹੀਨੇ 'ਚ ਇੱਕ ਵਾਰ | | |
| ਬਾਗ਼ ਦੀ ਸਫ਼ਾਈ | | ਹਰ ਰੋਜ਼ | | |
| ਖੇਤੀਬਾੜੀ ਰਹਿੰਦ-ਖੂੰਹਦ ਦੀ ਖਾਦ ਬਣਾਉਣਾ | | ਹਰ ਰੋਜ਼ | | |

© NCERT not to be republished

ਹਰ ਜੀਵ ਇੱਕ ਅਰਾਮਦਾਇਕ ਅਤੇ ਸੁਰੱਖਿਅਤ ਨਿਵਾਸ ਸਥਾਨ ਦੀ ਭਾਲ਼ ਵਿੱਚ ਰਹਿੰਦਾ ਹੈ। ਆਪਣੇ ਬਾਗ਼ ਨੂੰ ਕਾਇਮ ਰੱਖਣ ਵਿੱਚ ਤੁਹਾਡੇ ਨਿਰੰਤਰ ਯਤਨ ਤੁਹਾਡੇ ਬਾਗ਼ ਵਿੱਚ ਵੱਧ ਤੋਂ ਵੱਧ ਜੀਵ-ਜੰਤੂਆਂ ਨੂੰ ਆਕਰਸ਼ਿਤ ਕਰਨਗੇ।

## ਗਤੀਵਿਧੀ 9: ਆਪਣੇ ਕੰਮ ਦਾ ਪ੍ਰਦਰਸ਼ਨ ਕਰਨਾ

ਯੋਜਨਾ ਬਣਾਓ ਕਿ ਤੁਸੀਂ ਆਪਣੇ ਰਿਹਾਇਸ਼ੀ ਬਾਗ਼ ਬਾਰੇ ਜਾਣਕਾਰੀ ਦੂਜਿਆਂ ਨਾਲ਼ ਕਿਵੇਂ ਸਾਂਝਾ ਕਰੋਗੇ। ਸੈਲਾਨੀਆਂ ਲਈ ਇਸ ਨੂੰ ਜਾਣਕਾਰੀ ਭਰਪੂਰ ਬਣਾਉਣ ਲਈ, ਮੁੱਖ ਵਿਸ਼ੇਸ਼ਤਾਵਾਂ ਨੂੰ ਚਿੰਨ੍ਹਿਤ ਕਰਨ 'ਤੇ ਵਿੱਚਾਰ ਕਰੋ, ਜਿਵੇਂ ਕਿ:

1. ਫੁੱਲਾਂ ਦੇ ਪੌਦਿਆਂ ਦੇ ਨਾਮ
2. ਉਹ ਜੀਵ ਜੋ ਨਿਵਾਸ, ਪਾਣੀ ਦੇ ਭਾਂਡਿਆਂ ਅਤੇ ਭੋਜਨ ਤੋਂ ਲਾਭ ਪ੍ਰਾਪਤ ਕਰ ਰਹੇ ਹਨ।
3. ਚਿੱਕੜ-ਟੋਏ ਅਤੇ ਧੂੜ ਵਿੱਚ ਨਹਾਉਣ ਲਈ ਨਿਸ਼ਾਨਬੱਧ ਖੇਤਰ

ਤੁਸੀਂ ਪ੍ਰਕਿਰਿਆ ਦੀ ਵਿਆਖਿਆ ਕਰਨ ਲਈ ਇੱਕ ਪ੍ਰਦਰਸ਼ਨੀ ਵੀ ਬਣਾ ਸਕਦੇ ਹੋ। ਇਹ ਇੱਕ ਚਾਰਟ ਜਾਂ ਇੱਕ ਡਿਜੀਟਲ ਸਲਾਈਡ ਪੇਸ਼ਕਾਰੀ ਦੇ ਰੂਪ ਵਿੱਚ ਹੋ ਸਕਦਾ ਹੈ। ਇੱਥੇ ਸ਼ਾਮਲ ਕਰਨ ਲਈ ਕੁਝ ਮੁੱਖ ਨੁਕਤੇ ਹਨ:

1. **ਉਦੇਸ਼:** ਤੁਸੀਂ ਰਿਹਾਇਸ਼ੀ ਬਾਗ਼ ਕਿਉਂ ਬਣਾਇਆ?
2. **ਰੂਪਰੇਖਾ ਅਤੇ ਪ੍ਰਤੀਰੂਪ:** ਤੁਸੀਂ ਜਾਨਵਰਾਂ ਦੀਆਂ ਜ਼ਰੂਰਤਾਂ ਦੇ ਅਧਾਰ ਉੱਤੇ ਰੂਪਰੇਖਾ ਦੀ ਯੋਜਨਾ ਕਿਵੇਂ ਬਣਾਈ?
3. **ਪ੍ਰਜਾਤੀਆਂ:** ਤੁਸੀਂ ਕਿਹੜੇ ਜੀਵਾਂ ਨੂੰ ਆਕਰਸ਼ਿਤ ਕਰਨਾ ਚਾਹੁੰਦੇ ਹੋ, ਅਤੇ ਉਹਨਾਂ ਦੀਆਂ ਵਿਸ਼ੇਸ਼ ਜ਼ਰੂਰਤਾਂ ਕੀ ਹਨ?
4. **ਨਿਰੀਖਣ:** ਬਾਗ਼ ਦੀ ਸਥਾਪਨਾ ਤੋਂ ਬਾਅਦ ਤੁਸੀਂ ਕੀ ਦੇਖਿਆ ਹੈ?

ਇਹ ਪੇਸ਼ਕਾਰੀ ਕੌਸ਼ਲ ਮੇਲੇ ਦੌਰਾਨ ਬਹੁਤ ਉਪਯੋਗੀ ਸਾਬਿਤ ਹੋਵੇਗੀ, ਜਿੱਥੇ ਤੁਸੀਂ ਇਸ ਦੀ ਵਰਤੋਂ ਮਹਿਮਾਨਾਂ ਨੂੰ ਆਪਣੇ ਪ੍ਰੋਜੈਕਟ ਬਾਰੇ ਸਮਝਾਉਣ ਲਈ ਕਰ ਸਕਦੇ ਹੋ।

## ਮੈਂ ਦੂਜਿਆਂ ਤੋਂ ਕੀ ਸਿੱਖਿਆ ਹੈ?

1. ਤੁਸੀਂ ਕਿਹੜੀਆਂ ਤਿੰਨ ਸਭ ਤੋਂ ਦਿਲਚਸਪ ਵਸਤਾਂ ਦੇਖੀਆਂ ਹਨ?

   ..........................................................................................................

   ..........................................................................................................

   ..........................................................................................

2. ਜੀਵਾਂ ਅਤੇ ਉਹਨਾਂ ਦੇ ਨਿਵਾਸ ਸਥਾਨ ਬਾਰੇ ਨਿਰੀਖਣ ਅਤੇ ਚਰਚਾ ਕਰਨ ਨਾਲ਼ ਤੁਹਾਨੂੰ ਕਿਹੜੀਆਂ ਪ੍ਰਮੁੱਖ ਜਾਣਕਾਰੀ ਪ੍ਰਾਪਤ ਹੋਈ?

   ..........................................................................................................

   ..........................................................................................................

   ..........................................................................................................

© NCERT not to be republished

## ਮੈਂ ਕੀ ਕਾਰਜ ਕੀਤਾ ਅਤੇ ਕਿੰਨਾ ਸਮਾਂ ਲੱਗਿਆ?

ਇਹ ਸਮਝਣਾ ਮਹੱਤਵਪੂਰਨ ਹੈ ਕਿ ਕਿਸੇ ਗਤੀਵਿਧੀ ਨੂੰ ਪੂਰਾ ਕਰਨ ਲਈ ਕਿੰਨਾ ਸਮਾਂ ਲੱਗਦਾ ਹੈ।

ਹਰੇਕ ਗਤੀਵਿਧੀ ਉੱਤੇ ਲੱਗੇ ਘੰਟਿਆਂ ਵਿੱਚ ਲਗਭਗ ਸਮੇਂ ਦੀ ਗਣਨਾ ਕਰੋ। ਉਹਨਾਂ ਨੂੰ ਹੇਠਾਂ ਦਿੱਤੀ ਸਮਾਂ-ਸੀਮਾ ਉੱਤੇ ਚਿੰਨ੍ਹਿਤ ਕਰੋ। ਜੇ ਤੁਸੀਂ ਕਿਤਾਬ ਵਿੱਚ ਸੁਝਾਏ ਗਏ ਕਾਰਜਾਂ ਤੋਂ ਵੱਧ ਕੀਤਾ ਹੈ, ਤਾਂ ਕਿਰਪਾ ਕਰਕੇ ਗਿਣਤੀ ਅਤੇ ਸਮਾਂ ਸ਼ਾਮਲ ਕਰੋ।

| **ਗਤੀਵਿਧੀ** | 1 | 2 | 3 | 4 | 5 | 6 | 7 | 8 | 9 |
|---|---|---|---|---|---|---|---|---|---|
| **ਸਮਾਂ ਲੱਗਿਆ (ਪੀਰੀਅਡ)** | --- | --- | --- | --- | --- | --- | --- | --- | --- |

## ਮੈਂ ਹੋਰ ਕੀ ਕਰ ਸਕਦਾ/ਸਕਦੀ ਹਾਂ?

1. ਘਰ ਵਿੱਚ ਇੱਕ ਛੋਟਾ ਜਿਹਾ ਤਿਤਲੀ ਬਾਗ਼ ਬਣਾਉਣ ਦੀ ਕੋਸ਼ਿਸ਼ ਕਰੋ। ਇਸ ਲਈ ਤੁਹਾਨੂੰ ਇਹ ਫੈਸਲਾ ਕਰਨਾ ਪਵੇਗਾ ਕਿ ਕਿਸ ਕਿਸਮ ਦੇ ਪੌਦੇ ਅਤੇ ਗੈਰ-ਪੌਦੇ ਤੱਤ ਇਨ੍ਹਾਂ ਕੀੜੇ-ਮਕੌੜਿਆਂ ਨੂੰ ਆਕਰਸ਼ਿਤ ਕਰਨਗੇ। ਸਥਾਨਕ ਤਿਤਲੀਆਂ, ਪੰਛੀਆਂ ਅਤੇ ਉਹਨਾਂ ਦੇ ਨਿਵਾਸ ਸਥਾਨਾਂ ਬਾਰੇ ਮਾਹਰਾਂ (ਉਹਨਾਂ ਵਿਅਕਤੀਆਂ ਸਮੇਤ ਜਿੰਨ੍ਹਾਂ ਨੂੰ ਰਿਹਾਇਸ਼ੀ ਬਾਗ਼ ਦਾ ਸ਼ੌਕ ਹੈ) ਤੋਂ ਜਾਣਕਾਰੀ ਪ੍ਰਾਪਤ ਕਰੋ। ਤੁਸੀਂ ਸਥਾਨਕ ਅਖ਼ਬਾਰਾਂ, ਮੈਗਜ਼ੀਨਾਂ ਇੰਟਰਨੈੱਟ ਆਦਿ ਤੋਂ ਨਿਵਾਸ ਸਥਾਨ ਦੀ ਸੰਭਾਲ ਅਭਿਆਸਾਂ ਬਾਰੇ ਜਾਣਕਾਰੀ ਇਕੱਠੀ ਕਰ ਸਕਦੇ ਹੋ।
2. ਆਪਣਾ ਰਿਹਾਇਸ਼ੀ ਬਾਗ਼ਬਣਾਉਣ ਬਾਰੇ ਇੱਕ ਲੇਖ ਜਾਂ ਕਹਾਣੀ ਲਿਖੋ ਅਤੇ ਇਸ ਨੂੰ ਸਥਾਨਕ ਅਖ਼ਬਾਰ ਵਿੱਚ ਪ੍ਰਕਾਸ਼ਤ ਕਰਨ ਲਈ ਭੇਜੋ।
3. ਆਪਣੇ ਰਿਹਾਇਸ਼ੀ ਬਾਗ਼ਦੀ ਇੱਕ ਵੀਡੀਓ ਬਣਾਓ।

### ਟਾਈਮ ਲੈਪਸ ਵੀਡੀਓ

ਤੁਸੀਂ ਇੱਕ ਟਾਈਮ-ਲੈਪਸ ਵੀਡੀਓ ਬਣਾ ਸਕਦੇ ਹੋ ਜੋ ਦਿਖਾਉਂਦਾ ਹੈ ਕਿ ਕੁਝ ਕਿਵੇਂ ਬਦਲ ਰਿਹਾ ਹੈ। ਜਦੋਂ ਵੀ ਤੁਸੀਂ ਆਪਣੇ ਬਾਗ਼ ਵਿੱਚ ਨਵੇਂ ਤੱਤ ਜੋੜਦੇ ਹੋ ਜਾਂ ਜਦੋਂ ਤੁਸੀਂ ਦੇਖਦੇ ਹੋ ਕਿ ਪੌਦੇ ਆਪਣੇ ਵਿਕਾਸ ਵਿੱਚ ਕੁਝ ਖਾਸ ਬਿੰਦੂਆਂ 'ਤੇ ਪਹੁੰਚ ਗਏ ਹਨ (ਜਿਵੇਂ ਕਿ ਉਗਣ, ਤਣੇ ਅਤੇ ਪੱਤਿਆਂ ਦੀ ਦਿੱਖ, ਅਤੇ ਬਾਅਦ ਵਿੱਚ, ਫੁੱਲ), ਤੁਸੀਂ ਫੋਟੋਆਂ ਖਿੱਚ ਸਕਦੇ ਹੋ।

ਇੰਟਰਨੈੱਟ 'ਤੇ App+Time+Lapse+Video ਕੀਵਰਡਸ ਦੀ ਵਰਤੋਂ ਕਰਕੇ ਖੋਜ ਕਰੋ। ਇੱਕ ਅਜਿਹਾ ਐਪ ਚੁਣੋ ਜੋ ਤੁਹਾਨੂੰ ਸਥਿਰ ਫੋਟੋਆਂ ਅਪਲੋਡ ਕਰਨ ਅਤੇ ਵੀਡੀਓ ਬਣਾਉਣ ਦੀ ਸੁਵਿਧਾ ਦੇਵੇ।।

© NCERT not to be republished

## ਸੋਚੋ ਅਤੇ ਜਵਾਬ ਦਿਓ

1. ਤੁਹਾਨੂੰ ਕੀ ਕਰਨ ਵਿੱਚ ਮਜ਼ਾ ਆਇਆ?
2. ਤੁਹਾਨੂੰ ਕਿਹੜੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ?
3. ਤੁਸੀਂ ਅਗਲੀ ਵਾਰ ਵੱਖਰੇ ਤਰੀਕੇ ਨਾਲ਼ ਕੀ ਕਰੋਗੇ?
4. ਤੁਹਾਡੇ ਅਨੁਸਾਰ, ਰਿਹਾਇਸ਼ੀ ਬਾਗ਼ ਦੀ ਕੀ ਮਹੱਤਤਾ ਹੈ?
5. ਪ੍ਰੋਜੈਕਟ ਗਤੀਵਿਧੀਆਂ ਦੇ ਮੁਕੰਮਲ ਹੋਣ ਤੋਂ ਬਾਅਦ ਤੁਸੀਂ ਰਿਹਾਇਸ਼ੀ ਬਾਗ਼ ਨੂੰ ਕਾਇਮ ਰੱਖਣ ਦੀ ਯੋਜਨਾ ਕਿਵੇਂ ਬਣਾਉਂਦੇ ਹੋ?
6. ਆਪਣੇ ਹਾਲ ਹੀ ਦੇ ਕੰਮ ਨਾਲ਼ ਸਬੰਧਤ ਕੰਮਾਂ ਦੀਆਂ ਕੁੱਝ ਉਦਾਹਰਣਾਂ ਦੀ ਪਛਾਣ ਕਰੋ। ਉਦਾਹਰਣ ਵਜੋਂ, ਪ੍ਰਕਿਰਤੀ ਵਿਗਿਆਨੀ, ਸੰਭਾਲ ਵਿਗਿਆਨੀ, ਕੀਟ ਵਿਗਿਆਨੀ, ਜੀਵ ਵਿਗਿਆਨੀ, ਬਨਸਪਤੀ ਵਿਗਿਆਨੀ, ਜੰਗਲਾਤ ਅਧਿਕਾਰੀ, ਵਾਤਾਵਰਣ ਵਿਗਿਆਨੀ। ਆਲ਼ੇ-ਦੁਆਲ਼ੇ ਦੇਖੋ, ਲੋਕਾਂ ਨਾਲ਼ ਗੱਲ ਕਰੋ ਅਤੇ ਆਪਣਾ ਜਵਾਬ ਲਿਖੋ।

© NCERT not to be republished